Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 23 23/05/2025 www.samajweekly.com samajweekly @samajweekly samajweekly

ਭਾਖੜਾ 'ਤੇ ਸੀਆਈਐੱਸਐੱਫ ਦੀ ਤਾਇਨਾਤੀ ਦਾ ਵਿਰੋਧ ਕਰਾਂਗੇ: ਮਾਨ

ਪੰਜਾਬ ਆਪਣੀ ਲੁੱਟ ਹੋਣ ਦੇ ਬਦਲੇ ਕੇਂਦਰ ਨੂੰ ਕਿਸੇ ਤਰ੍ਹਾਂ ਦੀ ਅਦਾਇਗੀ ਨਹੀਂ ਕਰੇਗਾ: ਮੁੱਖ ਮੰਤਰੀ

ਸੰਗਰੂਰ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਭਾਖੜਾ ਡੈਮ 'ਤੇ ਸੀਆਈਐੱਸਐੱਫ ਦੇ ਜਵਾਨ ਤਾਇਨਾਤ ਕਰਨ ਬਾਰੇ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰੀ ਬਲਾਂ ਦੀ ਤਾਇਨਾਤੀ ਦੇ ਖ਼ਰਚੇ ਵਜੋਂ ਪੰਜਾਬ ਇੱਕ ਧੇਲਾ ਵੀ ਨਹੀਂ ਦੇਵੇਗਾ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, ''ਕੇਂਦਰ ਸਰਕਾਰ ਨੂੰ ਇਕ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਨਾ ਤਾਂ ਸਾਡੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਬੂੰਦ ਵਾਧੂ ਪਾਣੀ ਹੈ ਅਤੇ ਨਾ ਹੀ ਧੱਕੇ ਨਾਲ ਤਾਇਨਾਤ ਕੀਤੀ ਜਾ ਰਹੀ ਸੀਆਈਐੱਸਐੱਫ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਦੇਣ ਵਾਸਤੇ ਕੋਈ ਪੈਸਾ ਹੈ।'' ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦੀਆਂ ਕਥਿਤ ਕੋਝੀਆਂ ਸਾਜ਼ਿਸ਼ਾਂ ਦੀ ਸਖ਼ਤ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਡੈਮ 'ਤੇ ਕੇਂਦਰੀ ਬਲਾਂ ਨੂੰ ਤਾਇਨਾਤ ਕਰਕੇ ਸੂਬੇ ਦੇ ਪਾਣੀ ਨੂੰ ਚੋਰੀ ਕਰਨ ਦੀ ਨੀਅਤ ਨਾਲ ਘਟੀਆ ਚਾਲ ਖੇਡ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਸ਼ਨਿਚਰਵਾਰ ਨੂੰ ਹੋਣ ਵਾਲੀ ਨੀਤੀ ਆਯੋਗ ਦੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਦੇ ਸਾਹਮਣੇ ਇਸ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਗੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਪੰਜਾਬ ਵਿਰੋਧੀ ਸੋਚ ਦੀ ਧਾਰਨੀ ਹੋ ਚੁੱਕੀ ਹੈ, ਜਿਸ ਕਾਰਨ ਉਹ ਸੂਬੇ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ ਦੀ ਅਗਵਾਈ ਹੇਠਲੀ ਐੱਨਡੀਏ ਸਰਕਾਰ ਦਾ ਵੱਸ ਚੱਲੇ ਤਾਂ ਉਹ ਰਾਸ਼ਟਰੀ ਗੀਤ ਵਿੱਚੋਂ ਪੰਜਾਬ ਦਾ ਨਾਮ ਵੀ ਹਟਾ ਦੇਣਗੇ। ਭਗਵੰਤ ਮਾਨ ਨੇ ਕਿਹਾ ਕਿ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀਬੀਐੱਮਬੀ) ਕੇਂਦਰ ਦੇ ਹੱਥਾਂ ਦੀ ਕਠਪੁਤਲੀ ਹੈ, ਜੋ ਸੂਬੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਿਹਾ ਅਤੇ ਗ੍ਰਹਿ ਮੰਤਰਾਲੇ ਦਾ ਨਵਾਂ ਪ੍ਰਬੰਧ ਵੀ ਇਸੇ ਸਾਜ਼ਿਸ਼ ਦਾ ਹੀ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਭਾਖੜਾ ਡੈਮ 'ਤੇ ਸੀਆਈਐੱਸਐੱਫ ਦੇ 296 ਜਵਾਨ ਤਾਇਨਾਤ ਕੀਤੇ ਜਾਣਗੇ ਜਿਸ ਲਈ ਸੂਬੇ ਨੂੰ 8.58 ਕਰੋੜ ਰੁਪਏ ਦਾ ਖ਼ਰਚਾ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਪੁਲੀਸ ਪਹਿਲਾਂ ਹੀ ਡੈਮ ਦੀ ਸੁਰੱਖਿਆ ਨੂੰ ਮੁਫ਼ਤ ਵਿੱਚ ਯਕੀਨੀ ਬਣਾ ਰਹੀ ਹੈ ਤਾਂ ਇਹ ਪੈਸਾ ਬੀਬੀਐੱਮਬੀ ਨੂੰ ਕਿਉਂ ਦਿੱਤਾ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਬੀਬੀਐੱਮਬੀ ਅਤੇ ਭਾਜਪਾ ਵੱਲੋਂ ਸੂਬੇ ਦੇ ਪਾਣੀਆਂ 'ਤੇ ਡਾਕਾ ਮਾਰਨ ਦਾ ਨਾਪਾਕ ਮਨਸੂਬਾ ਹੈ। ਉਨ੍ਹਾਂ ਪਾਣੀਆਂ ਦੇ ਰਾਖੇ ਦੱਸਣ ਵਾਲੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਮਨਪ੍ਰੀਤ ਸਿੰਘ ਬਾਦਲ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਰਗੇ ਭਾਜਪਾਈ ਬਣੇ 'ਕਾਂਗਰਸੀ ਆਗੂਆਂ' ਨੂੰ ਇਸ ਬਾਰੇ ਆਪਣਾ ਰੁਖ ਸਪੱਸ਼ਟ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸੂਬੇ ਦੀ ਕਰਜ਼ਾ ਹੱਦ ਘਟਾ ਦਿੱਤੀ ਹੈ, ਆਰਡੀਐੱਫ ਦੇ ਫੰਡ ਰੋਕੇ ਹੋਏ ਹਨ ਅਤੇ ਹੁਣ ਇਕ ਹੋਰ ਪੰਜਾਬ ਵਿਰੋਧੀ ਕਦਮ ਚੁੱਕਿਆ ਗਿਆ ਹੈ। ਮਾਨ ਨੇ ਕਿਹਾ ਕਿ ਹਰਿਆਣਾ ਦੇ ਕੋਟੇ ਮੁਤਾਬਕ ਪਾਣੀ ਦੀ ਅਲਾਟਮੈਂਟ ਕੱਲ੍ਹ ਤੋਂ ਸ਼ੁਰੂ ਕਰ ਦਿੱਤੀ ਗਈ ਹੈ ਪਰ ਅਲਾਟਮੈਂਟ ਤੋਂ ਵੱਧ ਪਾਣੀ ਦੀ ਇੱਕ ਵੀ ਬੂੰਦ ਨਹੀਂ ਦਿੱਤੀ ਜਾਵੇਗੀ।

ਸਮਾਜ ਵੀਕਲੀ ਨਿਊਜ

ਸੁਪਰੀਮ ਕੋਰਟ ਨੇ ਤਾਮਿਲਨਾਡੂ ਦੇ TASMAC ਵਿਰੁੱਧ ED ਜਾਂਚ 'ਤੇ ਰੋਕ ਲਗਾਈ

ਨਵੀਂ ਦਿਲੀ। ਸੁਪਰੀਮ ਕੋਰਟ ਨੇ ਅੱਜ (22 ਮਈ) ਤਾਮਿਲਨਾਡੂ ਸਟੇਟ ਮਾਰਕੀਟਿੰਗ ਕਾਰਪੋਰੇਸ਼ਨ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਜਾਂਚ ਅਤੇ ਛਾਪੇਮਾਰੀ 'ਤੇ ਰੋਕ ਲਗਾ ਦਿੱਤੀ। "ਤੁਹਾਡਾ ED ਸਾਰੀਆਂ ਹੱਦਾਂ ਪਾਰ ਕਰ ਰਿਹਾ ਹੈ। ਕਾਰਪੋਰੇਸ਼ਨ ਵਿਰੁੱਧ ਅਪਰਾਧ ਕਿਵੇਂ ਹੋ ਸਕਦਾ ਹੈ?", ਭਾਰਤ ਦੇ ਚੀਫ ਜਸਟਿਸ ਬੀ.ਆਰ. ਗਵਈ ਨੇ ਐਡੀਸ਼ਨਲ ਸਾਲਿਸਟਰ ਜਨਰਲ ਐਸ.ਵੀ. ਰਾਜੂ ਨੂੰ ਪੁੱਛਿਆ। ਸੀਜੇਆਈ ਗਵਈ ਨੇ ਕਿਹਾ "ED ਸਾਰੀਆਂ ਹੱਦਾਂ ਪਾਰ ਕਰ ਰਿਹਾ ਹੈ। ਤੁਸੀਂ ਦੇਸ਼ ਦੇ ਸੰਘੀ ਢਾਂਚੇ ਦੀ ਪੂਰੀ ਤਰ੍ਹਾਂ ਉਲੰਘਣਾ ਕਰ ਰਹੇ ਹੋ।'' ਭਾਰਤ ਦੇ ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਏ.ਜੀ. ਮਸੀਹ ਦੀ ਬੈਂਚ ਤਾਮਿਲਨਾਡੂ ਰਾਜ ਅਤੇ ਟੀ.ਏ.ਐਸ.ਐਮ.ਸੀ. ਵੱਲੋਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਮਦਰਾਸ ਹਾਈ ਕੋਰਟ ਵੱਲੋਂ ਟੀ.ਏ.ਐਸ.ਐਮ.ਸੀ. ਹੈੱਡਕੁਆਰਟਰ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ ਦੁਆਰਾ ਕੀਤੀ ਗਈ ਤਲਾਸ਼ੀ ਵਿਰੁੱਧ ਆਪਣੀ ਪਟੀਸ਼ਨ ਨੂੰ ਰੱਦ ਕਰਨ ਨੂੰ ਚੁਣੌਤੀ ਦਿੱਤੀ ਗਈ ਸੀ। ਸੂਬੇ ਵੱਲੋਂ ਸੀਨੀਅਰ

ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਸੂਬੇ ਨੇ ਖ਼ੁਦ 2014-21 ਤੱਕ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਸ਼ਰਾਬ ਦੀਆਂ ਦੁਕਾਨਾਂ ਦੇ ਸੰਚਾਲਕਾਂ ਵਿਰੁੱਧ 41 ਐਫ.ਆਈ.ਆਰ. ਦਰਜ ਕੀਤੀਆਂ ਹਨ। ਹਾਲਾਂਕਿ, ਈ.ਡੀ. 2025 ਵਿੱਚ ਘਟਨਾ ਸਥਾਨ 'ਤੇ ਪਹੁੰਚੀ ਅਤੇ ਹੈੱਡਕੁਆਰਟਰ 'ਤੇ ਛਾਪਾ ਮਾਰਿਆ ਅਤੇ ਅਧਿਕਾਰੀਆਂ ਦੇ ਫੋਨ ਅਤੇ ਡਿਵਾਈਸ ਜ਼ਬਤ ਕੀਤੇ। "ਇਹ ਇੱਕ ਕਾਰਪੋਰੇਸ਼ਨ ਹੈ ਜੋ ਸ਼ਰਾਬ ਦੀਆਂ ਦੁਕਾਨਾਂ ਦੇ ਰਹੀ ਹੈ ਅਤੇ ਅਸੀਂ ਪਾਇਆ ਕਿ ਜਿਨ੍ਹਾਂ ਲੋਕਾਂ ਨੂੰ ਦੁਕਾਨਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਵਿੱਚੋਂ ਕੁਝ ਲੋਕ ਅਸਲ ਵਿੱਚ ਨਕਦੀ ਲੈ ਰਹੇ ਹਨ। ਇਸ ਲਈ ਸੂਬੇ ਨੇ ਖ਼ੁਦ 2014-21 ਤੱਕ 41 ਐਫਆਈਆਰਜ਼ ਵਿਅਕਤੀਆਂ ਵਿਰੁੱਧ ਦਰਜ ਕੀਤੀਆਂ, ਨਿਗਮ ਵਿਰੁੱਧ ਨਹੀਂ। ਈਡੀ 2025 ਵਿੱਚ ਸਾਹਮਣੇ ਆਈ ਅਤੇ ਨਿਗਮ (ਠਅਸ਼ੰਅਛ) ਅਤੇ ਮੁੱਖ ਦਫ਼ਤਰ 'ਤੇ ਛਾਪੇਮਾਰੀ ਕੀਤੀ। ਸਿੱਬਲ ਨੇ ਕਿਹਾ ਕਿ ਸਾਰੇ ਫ਼ੋਨ ਲਏ ਗਏ, ਸਭ ਕੁਝ ਲੈ ਲਿਆ ਗਿਆ। ਸਭ ਕੁਝ ਕਲੋਨ ਕੀਤਾ ਗਿਆ।'' ਇਸ ਮੌਕੇ 'ਤੇ, ਸੀਜੇਆਈ ਗਵਈ ਨੇ ਏਐਸਜੀ ਨੂੰ ਪੁੱਛਿਆ ਕਿ ਨਿਗਮ ਵਿਰੁੱਧ ਅਪਰਾਧ ਕਿਵੇਂ ਬਣਾਇਆ ਗਿਆ। "ਤੁਸੀਂ ਵਿਅਕਤੀਆਂ ਵਿਰੁੱਧ ਦਰਜ ਕਰ ਸਕਦੇ ਹੋ, ਪਰ ਨਿਗਮ ਵਿਰੁੱਧ ਅਪਰਾਧਿਕ ਮਾਮਲਾ? ਤੁਹਾਡਾ ਈਡੀ ਸਾਰੀਆਂ ਹੱਦਾਂ ਪਾਰ ਕਰ ਰਿਹਾ ਹੈ। ਬੈਂਚ ਨੇ ਪਟੀਸ਼ਨ 'ਤੇ ਈਡੀ ਨੂੰ ਨੋਟਿਸ ਜਾਰੀ ਕਰਨ ਦਾ ਹੁਕਮ ਦਿੱਤਾ। ਬੈਂਚ ਨੇ ਹੁਕਮ ਵਿੱਚ ਕਿਹਾ, "ਇਸ ਦੌਰਾਨ, ਪਟੀਸ਼ਨਕਰਤਾਵਾਂ ਵਿਰੁੱਧ ਅਗਲੀ ਕਾਰਵਾਈ 'ਤੇ ਰੋਕ ਰਹੇਗੀ।" ਟੀਏਐਸਐਮਏਸੀ ਵੱਲੋਂ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਈਡੀ ਨੇ ਟੀਏਐਸਐਮਏਸੀ ਅਧਿਕਾਰੀਆਂ ਦੇ ਫ਼ੋਨਾਂ ਦੀਆਂ ਕਲੋਨ ਕੀਤੀਆਂ ਕਾਪੀਆਂ ਲੈ ਲਈਆਂ ਹਨ, ਜਿਸ ਨਾਲ ਉਨ੍ਹਾਂ ਦੀ ਨਿੱਜਤਾ ਦੀ ਉਲੰਘਣਾ ਹੋਈ ਹੈ। ਸਿੱਬਲ ਨੇ ਕਿਹਾ ਕਿ ਅਦਾਲਤ ਨੂੰ ਈਡੀ ਨੂੰ ਫ਼ੋਨਾਂ ਅਤੇ ਡਿਵਾਈਸਾਂ ਤੋਂ ਲਏ ਗਏ ਡੇਟਾ ਦੀ ਵਰਤੋਂ ਕਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ।

ਬੀਬੀਐੱਮਬੀ ਮਾਮਲਾ: ਭਗਵੰਤ ਮਾਨ ਵੱਲੋਂ ਨੰਗਲ ਡੈਮ ਦੀ ਸੁਰੱਖਿਆ

ਸੰਗਰੂਰ/ਚੰਡੀਗੜ੍ਹ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨੰਗਲ ਡੈਮ ਦੀ ਸੁਰੱਖਿਆ ਲਈ ਕੇਂਦਰੀ ਸੁਰੱਖਿਆ ਏਜੰਸੀ ਸੀਆਈਐਸਐਫ਼ ਦੇ 296 ਜ਼ਵਾਨਾਂ ਦੀ ਤਾਇਨਾਤੀ ਕਰਨ ਅਤੇ ਪ੍ਰਤੀ ਸਾਲ ਕਰੀਬ ਸਾਢੇ ਅੱਠ ਕਰੋੜ ਰੁਪਏ ਦਾ ਖਰਚੇ ਦਾ ਬੋਝ ਬੀਬੀਐੱਮਬੀ ਜਾਂ ਪੰਜਾਬ ਸਰਕਾਰ ਉਪਰ ਪਾਉਣ ਦੇ ਕੇਂਦਰ ਸਰਕਾਰ ਦੇ ਫੈਸਲੇ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਪੰਜਾਬ

ਵਿਰੋਧੀ ਫੈਸਲੇ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਦੋਂ ਪੰਜਾਬ ਪੁਲੀਸ ਨੰਗਲ ਡੈਮ ਦੀ ਮੁਫ਼ਤ ਵਿਚ ਸੁਰੱਖਿਆ ਕਰ ਰਹੀ ਹੈ ਤਾਂ ਫ਼ਿਰ ਕੇਂਦਰੀ ਸੁਰੱਖਿਆ ਏਜੰਸੀ ਸੀਆਈਐੱਸਐੱਫ਼ ਨੂੰ ਤਾਇਨਾਤ ਕਰਨ ਦੀ ਕੀ ਲੋੜ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਵਾਲੇ ਪੰਜਾਬ ਉਪਰ ਹਥੌੜਾ ਚਲਾਉਣ ਦਾ ਕੋਈ ਵੀ ਮੌਕਾ ਨਹੀਂ ਜਾਣ ਦਿੰਦੇ। ਉਨ੍ਹਾਂ ਸਵਾਲ ਕੀਤਾ ਕਿ ਕੀ ਹੁਣ ਨੰਗਲ ਡੈਮ ਦੇ ਗੇਟ ਸੀਆਈਐੱਸਐੱਫ਼ ਖੋਲੇਗੀ? ਮਾਨ ਨੇ ਕਿਹਾ ਕਿ ਉਹ 24 ਮਈ ਨੂੰ ਦਿੱਲੀ ਵਿਚ ਨੀਤੀ ਆਯੋਗ ਦੀ ਹੋਣ ਵਾਲੀ ਮੀਟਿੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਇਹ ਮੁੱਦਾ ਉਠਾਉਣਗੇ ਅਤੇ ਕਿਸੇ ਵੀ ਹਾਲਤ ਵਿਚ ਸੀਆਈਐੱਸਐੱਫ਼ ਤਾਇਨਾਤ ਨਹੀ ਹੋਣ ਦੇਣਗੇ। ਮਾਨ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੰਗਲ ਡੈਮ 'ਤੇ ਕੇਂਦਰੀ ਸੁਰੱਖਿਆ ਏਜੰਸੀ ਤਾਇਨਾਤ ਕਰਕੇ ਆਪਣੀ ਮਰਜ਼ੀ ਨਾਲ ਪਾਣੀ ਚੋਰੀ ਕਰਨਾ ਚਾਹੁੰਦੀ ਹੈ ਤਾਂ ਜੋ ਭਾਜਪਾ ਦੀ ਅਗਵਾਈ ਵਾਲੇ ਸੂਬੇ ਹਰਿਆਣਾ ਅਤੇ ਰਾਜਸਥਾਨ ਨੂੰ ਪਾਣੀ ਦੇ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਪੰਜਾਬ ਸਰਹੱਦ ਦੀ ਰਾਖੀ ਕਰ ਸਕਦਾ ਹੈ ਤਾਂ ਨੰਗਲ ਡੈਮ ਅਤੇ ਪਾਣੀ ਦੀ ਸੁਰੱਖਿਆ ਵੀ ਖੁਦ ਕਰ ਸਕਦਾ ਹੈ।

ਕਿਸ਼ਤਵਾੜ 'ਚ ਮੁਕਾਬਲੇ ਦੌਰਾਨ ਜਵਾਨ ਸ਼ਹੀਦ

ਜੰਮੂ। ਜੰਮੂ ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਅਤੇ ਅਤਿਵਾਦੀਆਂ ਦਰਮਿਆਨ ਹੋਏ ਮੁਕਾਬਲੇ ਦੌਰਾਨ ਫ਼ੌਜ ਦਾ ਇੱਕ ਜਵਾਨ ਸ਼ਹੀਦ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਛਤਰੂ ਦੇ ਸ਼ਿੰਗਪੋਰਾ ਖੇਤਰ ਵਿੱਚ ਅਤਿਵਾਦੀਆਂ ਦੀ ਮੌਜੂਦਗੀ ਬਾਰੇ ਸੂਚਨਾ ਮਿਲਣ ਤੋਂ ਬਾਅਦ ਸੁਰੱਖਿਆ ਬਲਾਂ ਨੇ ਤਲਾਸ਼ੀ ਮੁਹਿੰਮ ਵਿੱਢੀ। ਇਸ ਦੌਰਾਨ ਅਤਿਵਾਦੀਆਂ ਨੇ ਸੁਰੱਖਿਆ ਬਲਾਂ 'ਤੇ ਗੋਲੀਬਾਰੀ ਕੀਤੀ। ਦੱਸਿਆ ਜਾ ਰਿਹਾ ਹੈ ਕਿ ਚਾਰ ਅਤਿਵਾਦੀ ਇਲਾਕੇ ਵਿੱਚ ਫਸੇ ਹੋਏ ਹਨ। ਭਾਰਤੀ ਫ਼ੌਜ ਦੀ ਵ੍ਹਾਈਟ ਨਾਈਟ ਕੋਰ Wihte Kinght Corps ਨੇ ਯ 'ਤੇ ਇੱਕ ਪੋਸਟ ਵਿੱਚ ਕਿਹਾ, ''ਅੱਜ ਸਵੇਰੇ ਕਿਸ਼ਤਵਾੜ ਦੇ ਛਤਰੂ

ਵਿੱਚ ਪੁਲੀਸ ਨਾਲ ਸਾਂਝੇ ਅਪਰੇਸ਼ਨ ਦੌਰਾਨ ਅਤਿਵਾਦੀਆਂ ਨਾਲ ਮੁਕਾਬਲਾ ਹੋਇਆ।'' ਵ੍ਹਾਈਟ ਨਾਈਟ ਕੋਰ ਨੇ ਕਿਹਾ, ''ਮੁਕਾਬਲੇ ਦੌਰਾਨ ਫ਼ੌਜ ਦਾ ਇੱਕ ਜਵਾਨ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਗਈ ਪਰ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਸ਼ਹੀਦ ਹੋ ਗਿਆ।''

ਸਲਮਾਨ ਖਾਨ ਦੀ ਸੁਰੱਖਿਆ ਵਿੱਚ ਇੱਕ ਹੋਰ ਕਮੀ, ਇੱਕ ਵਿਅਕਤੀ ਜ਼ਬਰਦਸਤੀ ਉਸਦੇ ਅਪਾਰਟਮੈਂਟ ਵਿੱਚ ਦਾਖਲ ਹੋਇਆ

ਮੁੰਬਈ। ਬਾਲੀਵੁੱਡ ਅਦਾਕਾਰ ਸਲਮਾਨ ਖਾਨ ਦੇ ਬਾਂਦਰਾ ਸਥਿਤ ਗਲੈਕਸੀ ਅਪਾਰਟਮੈਂਟ ਵਿੱਚ ਇੱਕ ਅਣਜਾਣ ਵਿਅਕਤੀ ਦੇ ਦਾਖਲ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਪੁਲਿਸ ਨੇ ਸ਼ੱਕੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਸ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

ਇਹ ਵਿਅਕਤੀ ਸਲਮਾਨ ਖਾਨ ਦੇ ਘਰ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਇਆ ਸੀ। ਜਦੋਂ ਪੁਲਿਸ ਨੂੰ ਇਸ ਬਾਰੇ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਉਸ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਕਿ ਇਸ ਵਿਅਕਤੀ ਦਾ ਨਾਮ ਜਤਿੰਦਰ ਕੁਮਾਰ ਸਿੰਘ ਹੈ ਅਤੇ ਉਹ ਛੱਤੀਸਗੜ੍ਹ ਦਾ ਰਹਿਣ ਵਾਲਾ ਹੈ। ਹੁਣ ਪੁਲਿਸ ਨੇ ਉਸ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਸਲਮਾਨ ਖਾਨ ਦੇ ਘਰ ਕਿਉਂ ਗਿਆ ਸੀ? ਉਸਦਾ ਕੀ ਇਰਾਦਾ ਸੀ? ਜਾਂ ਉਹ ਪ੍ਰਸ਼ੰਸਕ ਹੈ ਜਾਂ ਇਸ ਪਿੱਛੇ ਕੋਈ ਹੋਰ ਕਾਰਨ ਹੈ। ਇਹ ਘਟਨਾ 20 ਮਈ ਨੂੰ ਸ਼ਾਮ 7:15 ਵਜੇ ਵਾਪਰੀ।

ਪਿਛਲੇ ਮਹੀਨੇ, ਉਸਨੂੰ ਮੁੰਬਈ ਦੇ ਵਰਲੀ ਟ੍ਰੈਫਿਕ ਵਿਭਾਗ ਦੇ ਵਟਸਐਪ ਨੰਬਰ 'ਤੇ ਇੱਕ ਧਮਕੀ ਮਿਲੀ, ਜਿਸ ਵਿੱਚ ਕਿਹਾ ਗਿਆ ਸੀ ਕਿ ਅਦਾਕਾਰ ਦੇ ਘਰ ਵਿੱਚ ਦਾਖਲ ਹੋ ਕੇ ਉਸਨੂੰ ਮਾਰ ਦਿੱਤਾ ਜਾਵੇਗਾ। ਇੰਨਾ ਹੀ

ਨਹੀਂ, ਸਲਮਾਨ ਦੀ ਕਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵੀ ਦਿੱਤੀ ਗਈ ਸੀ। ਧਮਕੀ ਤੋਂ ਬਾਅਦ, ਵਰਲੀ ਪੁਲਿਸ ਸਟੇਸ਼ਨ ਵਿੱਚ ਇੱਕ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਅਦਾਕਾਰ ਦੇ ਗਲੈਕਸੀ ਅਪਾਰਟਮੈਂਟ ਦੀ ਸੁਰੱਖਿਆ ਵਧਾ ਦਿੱਤੀ ਗਈ ਸੀ। ਮਾਮਲਾ ਦਰਜ ਕਰਨ ਦੇ 24 ਘੰਟਿਆਂ ਦੇ ਅੰਦਰ, ਪੁਲਿਸ ਨੇ ਸੁਨੇਹਾ ਭੇਜਣ ਵਾਲੇ ਵਿਅਕਤੀ ਨੂੰ ਲੱਭ ਲਿਆ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਜਾਨੋਂ ਮਾਰਨ ਦੀ ਧਮਕੀ ਦੇਣ ਵਾਲਾ ਵਿਅਕਤੀ ਗੁਜਰਾਤ ਦੇ ਵਡੋਦਰਾ ਜ਼ਿਲ੍ਹੇ ਦੇ ਵਾਘੋਡੀਆ ਤਾਲੁਕਾ ਦਾ ਰਹਿਣ ਵਾਲਾ ਹੈ ਅਤੇ ਮਾਨਸਿਕ ਰੋਗੀ ਹੈ। ਪੁਲਿਸ ਨੇ ਦੱਸਿਆ ਕਿ 26 ਸਾਲਾ ਵਿਅਕਤੀ, ਮਯੰਕ ਪਾਂਡਿਆ, ਜੋ ਕਿ ਵਡੋਦਰਾ ਦੇ ਵਾਘੋਡੀਆ ਤਾਲੁਕਾ ਦੇ ਇੱਕ ਪਿੰਡ ਦਾ ਰਹਿਣ ਵਾਲਾ ਹੈ, ਮਾਨਸਿਕ ਤੌਰ 'ਤੇ ਬਿਮਾਰ ਹੈ। ਉਸਨੇ ਇਹ ਧਮਕੀ ਭਰਿਆ ਸੁਨੇਹਾ ਭੇਜਿਆ ਸੀ। ਸਲਮਾਨ ਖਾਨ ਦੇ ਪ੍ਰਸ਼ੰਸਕ ਅਤੇ ਸਥਾਨਕ ਲੋਕ ਇਸ ਘਟਨਾ ਤੋਂ ਨਾਰਾਜ਼ ਹਨ, ਕਿਉਂਕਿ ਸਲਮਾਨ ਦਾ ਘਰ ਪਹਿਲਾਂ ਵੀ ਸੁਰੱਖਿਆ ਕਾਰਨਾਂ ਕਰਕੇ ਖ਼ਬਰਾਂ ਵਿੱਚ ਰਿਹਾ ਹੈ। 2023 ਵਿੱਚ ਲਾਰੈਂਸ ਗੈਂਗ ਤੋਂ ਧਮਕੀਆਂ ਮਿਲਣ ਤੋਂ ਬਾਅਦ ਹੀ ਸਲਮਾਨ ਦੀ ਸੁਰੱਖਿਆ ਵਧਾ ਦਿੱਤੀ ਗਈ ਸੀ। ਉਸਨੂੰ ਮਹਾਰਾਸ਼ਟਰ ਸਰਕਾਰ ਤੋਂ y ਪਲੱਸ ਸ਼੍ਰੇਣੀ ਦੀ ਸੁਰੱਖਿਆ ਮਿਲੀ ਹੈ। 14 ਅਪ੍ਰੈਲ, 2024 ਨੂੰ ਉਸਦੇ ਘਰ 'ਤੇ ਗੋਲੀਬਾਰੀ ਹੋਈ ਸੀ। ਉਸਨੂੰ ਕਈ ਵਾਰ ਧਮਕੀਆਂ ਮਿਲੀਆਂ ਹਨ। ਅਜਿਹੇ ਵਿੱਚ, ਕਿਸੇ ਅਣਜਾਣ ਵਿਅਕਤੀ ਦੇ ਉਨ੍ਹਾਂ ਦੇ ਘਰ ਵਿੱਚ ਦਾਖਲ ਹੋਣ ਦੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਝਾਂਸੀ 'ਚ ਤੂਫਾਨ ਕਾਰਨ 100 ਤੋਂ ਵੱਧ ਤੋਤਿਆਂ ਦੀ ਮੌਤ, ਜੰਗਲਾਤ ਵਿਭਾਗ ਦੀ ਟੀਮ ਮੌਕੇ 'ਤੇ ਪਹੁੰਚੀ

ਝਾਂਸੀ। ਬੀਤੀ ਰਾਤ ਆਏ ਤੂਫਾਨ ਅਤੇ ਮੀਂਹ ਨੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿੱਚ ਤਬਾਹੀ ਮਚਾ ਦਿੱਤੀ। ਕੁਝ ਥਾਵਾਂ 'ਤੇ ਦਰੱਖਤ ਜੜ੍ਹੋਂ ਉਖੜ ਗਏ ਅਤੇ ਕੁਝ ਥਾਵਾਂ 'ਤੇ ਹੋਰਡਿੰਗ ਹਵਾ ਵਿੱਚ ਉੱਡ ਗਏ। ਇਸ ਸਮੇਂ ਦੌਰਾਨ, ਲਗਭਗ ਅੱਧਾ ਦਰਜਨ ਲੋਕਾਂ ਦੀ ਮੌਤ ਵੀ ਹੋਈ। ਇਸ ਦੇ ਨਾਲ ਹੀ ਝਾਂਸੀ ਵਿੱਚ ਤੇਜ਼ ਤੂਫ਼ਾਨ ਕਾਰਨ 100 ਤੋਂ ਵੱਧ ਤੋਤਿਆਂ ਦੀ ਮੌਤ ਹੋ ਗਈ, ਜਦੋਂ ਕਿ 50 ਤੋਂ ਵੱਧ ਤੋਤੇ ਜ਼ਖਮੀ ਹੋ ਗਏ। ਜਦੋਂ ਸਵੇਰੇ ਪਿੰਡ ਵਾਸੀਆਂ ਨੇ ਇਹ ਦ੍ਰਿਸ਼ ਦੇਖਿਆ ਤਾਂ ਹੰਗਾਮਾ ਹੋ ਗਿਆ। ਇਹ ਜਾਣਕਾਰੀ ਜੰਗਲਾਤ ਵਿਭਾਗ ਨੂੰ ਦੇ ਦਿੱਤੀ ਗਈ। ਸੂਚਨਾ ਮਿਲਣ 'ਤੇ ਜੰਗਲਾਤ ਵਿਭਾਗ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਮਰੇ ਹੋਏ ਤੋਤਿਆਂ ਨੂੰ ਚੁੱਕ ਕੇ ਜ਼ਮੀਨ ਵਿੱਚ ਦੱਬਣ ਦਾ ਕੰਮ ਸ਼ੁਰੂ ਕਰ ਦਿੱਤਾ। ਕਿਹਾ ਜਾ ਰਿਹਾ ਹੈ ਕਿ ਰਾਤ ਨੂੰ ਆਏ ਤੂਫਾਨ ਕਾਰਨ ਇਨ੍ਹਾਂ ਤੋਤਿਆਂ ਦੀ ਮੌਤ ਹੋ ਗਈ। ਧਿਆਨ ਦੇਣ ਯੋਗ ਹੈ ਕਿ ਬੁੱਧਵਾਰ ਦੇਰ ਰਾਤ ਆਏ ਤੇਜ਼ ਤੂਫਾਨ ਅਤੇ ਮੀਂਹ ਕਾਰਨ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਲੋਕਾਂ ਨੂੰ ਭਿਆਨਕ ਗਰਮੀ ਤੋਂ ਰਾਹਤ ਮਿਲੀ, ਪਰ ਇਸ ਤੂਫਾਨ ਨੇ ਬਹੁਤ ਨੁਕਸਾਨ ਵੀ ਕੀਤਾ। ਤੇਜ਼ ਤੂਫ਼ਾਨ ਕਾਰਨ ਬਿਜਲੀ ਡਿੱਗਣ ਅਤੇ ਦਰੱਖਤਾਂ ਅਤੇ ਖੰਭਿਆਂ ਦੇ ਡਿੱਗਣ ਕਾਰਨ ਕਈ ਲੋਕਾਂ ਦੇ ਮਰਨ ਦੀਆਂ ਵੀ ਰਿਪੋਰਟਾਂ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਪਟਿਆਲਾ ਜ਼ਿਲ੍ਹੇ ਦੇ 8 ਪਿੰਡ ਮੋਹਾਲੀ ਵਿੱਚ ਸ਼ਾਮਲ, ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਕੀਤਾ ਜਾਰੀ

ਚੰਡੀਗੜ੍ਹ। ਪੰਜਾਬ ਵਿੱਚ, ਪਟਿਆਲਾ ਜ਼ਿਲ੍ਹੇ ਦੇ 8 ਪਿੰਡ ਮੋਹਾਲੀ ਜ਼ਿਲ੍ਹੇ ਵਿੱਚ ਮਿਲਾ ਦਿੱਤੇ ਗਏ ਹਨ। ਇਸ ਸਬੰਧੀ ਸਰਕਾਰ ਵੱਲੋਂ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਜਿਵੇਂ ਹੀ ਇਹ ਪਿੰਡ ਮੋਹਾਲੀ ਵਿੱਚ ਆਉਣਗੇ, ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ। ਇਸ ਤੋਂ ਇਲਾਵਾ, ਉਨ੍ਹਾਂ ਦੀ ਜ਼ਮੀਨ ਦੀ ਕੀਮਤ ਵੀ ਵਧੇਗੀ। ਕਿਉਂਕਿ ਮੋਹਾਲੀ ਦਾ ਸਰਕਲ ਰੇਟ ਕਾਫ਼ੀ ਉੱਚਾ ਹੈ। ਇਸ ਸਬੰਧੀ ਇੱਕ ਪ੍ਰਸਤਾਵ ਹਾਲ ਹੀ ਵਿੱਚ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਸੀ। ਪਟਿਆਲਾ ਦੇ ਜਿਹੜੇ ਪਿੰਡ ਮੋਹਾਲੀ ਵਿੱਚ ਸ਼ਾਮਲ ਕੀਤੇ ਗਏ ਹਨ, ਇਨ੍ਹਾਂ ਪਿੰਡਾਂ ਵਿੱਚ ਮਾਣਕਪੁਰ, ਖੇੜਾ ਗੱਜੂ, ਊਰਨਾ, ਚੰਗੇਰਾ, ਉੱਚਾ ਖੇੜਾ, ਗੁਰਦਿੱਤਪੁਰਾ, ਹਦਾਇਤਪੁਰਾ ਅਤੇ ਲੇਹਲਾਂ ਪਿੰਡ ਸ਼ਾਮਲ ਸਨ।

ਗੁਰਦਾਸਪੁਰ ਪਿੰਡ ਦੋਸਤਪੁਰ 'ਚ ਇੱਕ ਬਦਮਾਸ਼ ਤੇ ਪੁਲਿਸ ਵਿਚਾਲੇ ਹੋਈ ਮੁੱਠਭੇੜ

ਗੁਰਦਾਸਪੁਰ। ਗੁਰਦਾਸਪੁਰ ਪਿੰਡ ਦੋਸਤਪੁਰ 'ਚ ਇੱਕ ਬਦਮਾਸ਼ ਤੇ ਪੁਲਿਸ ਵਿਚਾਲੇ ਮੁੱਠਭੇੜ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਪੁਲਿਸ ਦੀ ਜਵਾਬੀ ਕਾਰਵਾਈ ਦੌਰਾਨ ਬਦਮਾਸ਼ ਦੇ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਹੈ। ਜਿਸ ਨੂੰ ਗੁਰਦਾਸਪੁਰ ਦੇ ਸਿਵਲ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਪਿੰਡ ਦੋਸਤਪੁਰ 'ਚ ਪੁਲਿਸ ਵਲੋਂ ਨਾਕੇਬੰਦੀ ਕੀਤੀ ਗਈ ਸੀ, ਜਦੋਂ ਪੁਲਿਸ ਨੇ ਬਦਮਾਸ਼ ਨੂੰ ਰੋਕਣ ਚਾਹਿਆ ਤਾਂ ਉਸ ਨੇ ਰੁਕਣ ਦੀ ਬਜਾਏ ਪੁਲਿਸ ਗੋਲੀਬਾਰੀ ਕਰ ਦਿੱਤੀ। ਆਪਣੇ ਬਚਾਅ ਲਈ ਪੁਲਿਸ ਨੇ ਜਦੋਂ ਜਵਾਬੀ ਕਾਰਵਾਈ ਕੀਤੀ ਤਾਂ ਇੱਕ ਗੋਲੀ ਬਦਮਾਸ਼ ਨੂੰ ਲੱਗ ਗਈ । ਸਿੱਟੇ ਵਜੋਂ ਬਦਮਾਸ਼ ਜ਼ਖ਼ਮੀ ਹੋ ਗਿਆ ਜਿਸ ਨੂੰ ਤੁਰੰਤ ਗੁਰਦਾਸਪੁਰ ਦੇ ਸਿਵਲ ਹਸਪਤਾਲ 'ਚ ਭਰਤੀ ਕਰਵਾਇਆ ਗਿਆ । ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਤਿੰਨ ਤਖ਼ਤਾਂ ਦੇ ਪੰਜ ਪਿਆਰਿਆਂ ਵੱਲੋਂ ਤਖ਼ਤ ਪਟਨਾ ਸਾਹਿਬ ਦਾ ਫੈਸਲਾ ਰੱਦ

ਅੰਮ੍ਰਿਤਸਰ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਬੀਤੇ ਦਿਨ ਕੀਤੇ ਗਏ ਫੈਸਲੇ ਨੂੰ ਸ੍ਰੀ ਅਕਾਲ ਤਖ਼ਤ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਗੈਰ-ਸਿਧਾਂਤਕ ਅਤੇ ਗੈਰਵਾਜਬ ਦੱਸ ਕੇ ਰੱਦ ਕਰ ਦਿੱਤਾ ਗਿਆ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਬਲਦੇਵ ਸਿੰਘ ਨੇ ਤਖ਼ਤ ਦੇ ਹੈੱਡ ਗ੍ਰੰਥੀ ਅਤੇ ਗ੍ਰੰਥੀਆਂ ਨੂੰ ਨਾਲ ਲੈ ਕੇ ਬੁੱਧਵਾਰ ਨੂੰ ਮੀਟਿੰਗ ਕੀਤੀ ਸੀ ਅਤੇ ਅਕਾਲ ਤਖ਼ਤ ਵੱਲੋਂ ਲਏ ਗਏ ਫੈਸਲੇ ਨੂੰ ਰੱਦ ਕਰ ਦਿੱਤਾ ਸੀ। ਉਨ੍ਹਾਂ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਧਨੌਲਾ ਨੂੰ ਤਨਖਾਹੀਆ ਕਰਾਰ ਦਿੱਤਾ ਸੀ। ਇਸੇ ਮਾਮਲੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਸਾਜ਼ਿਸ਼ਕਰਤਾ ਵਜੋਂ ਸ਼ਮੂਲੀਅਤ ਦਾ ਦੋਸ਼ ਲਾਉਂਦਿਆਂ ਆਪਣਾ ਪੱਖ ਰੱਖਣ ਲਈ 10 ਦਿਨ ਦਾ ਸਮਾਂ ਦਿੱਤਾ ਗਿਆ ਸੀ। ਇਸ ਸਬੰਧ ਵਿੱਚ ਉਨ੍ਹਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਲਈ ਆਦੇਸ਼ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਅੱਜ ਇੱਥੇ ਅਕਾਲ ਤਖ਼ਤ ਦੇ ਪੰਜ ਪਿਆਰੇ ਸਾਹਿਬਾਨ ਜਿਨ੍ਹਾਂ ਵਿੱਚ ਭਾਈ ਕੁਲਵੰਤ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਰਸਪਾਲ ਸਿੰਘ ਅਤੇ ਭਾਈ ਸੰਦੀਪ ਸਿੰਘ ਸ਼ਾਮਿਲ ਹਨ, ਨੇ ਮੀਟਿੰਗ ਕਰਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਕੀਤੇ ਗਏ ਫੈਸਲੇ ਨੂੰ ਪੰਥਕ ਏਕਤਾ ਨੂੰ ਢਾਹ ਲਾਉਣ ਵਾਲਾ ਅਤੇ ਸਿੱਖ ਕੌਮ ਦਾ ਅਕਸ ਖਰਾਬ ਕਰਨ ਵਾਲਾ ਕਰਾਰ ਦਿੱਤਾ ਹੈ। ਉਨ੍ਹਾਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਗ੍ਰੰਥੀ ਸਿੰਘਾਂ ਵੱਲੋਂ ਲੰਘੇ ਦਿਨ ਕੀਤੇ ਗਏ ਫੈਸਲੇ ਨੂੰ ਗੈਰਸਿਧਾਂਤਕ ਦੱਸਦਿਆਂ ਰੱਦ ਕਰ ਦਿੱਤਾ ਹੈ। ਇਸੇ ਤਰ੍ਹਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਪੰਜ ਪਿਆਰੇ ਸਾਹਿਬਾਨ ਨੇ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਗ੍ਰੰਥੀ ਸਿੰਘਾਂ ਵੱਲੋਂ ਕੀਤੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਸਿੱਖ ਰਹਿਤ ਮਰਿਆਦਾ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸਥਾਨਕ ਸੰਗਤ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਦੇ ਪਾਸ ਹੀ ਕੀਤੀ ਜਾ ਸਕਦੀ ਹੈ ਨਾ ਕਿ ਇਸ ਸਬੰਧੀ ਕੋਈ ਵੱਖਰਾ ਹੁਕਮਨਾਮਾ ਜਾਰੀ ਕੀਤਾ ਜਾ ਸਕਦਾ ਹੈ। ਜੇਕਰ ਸਥਾਨਕ ਸੰਗਤ ਨੂੰ ਕਿਸੇ ਵੀ ਫੈਸਲੇ 'ਤੇ ਕੋਈ ਇਤਰਾਜ਼ ਹੋਵੇ ਤਾਂ ਇਸ ਦੀ ਮੁੜ ਵਿਚਾਰ ਲਈ ਅਕਾਲ ਤਖ਼ਤ ਵਿਖੇ ਹੀ ਅਪੀਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਕੀਤੇ ਗਏ ਫੈਸਲੇ ਨੂੰ ਉਹ ਜਲਦੀ ਤੋਂ ਜਲਦੀ ਤਖ਼ਤ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਮਾਫੀ ਮੰਗਦਿਆਂ ਹੋਇਆਂ ਵਾਪਸ ਲੈਣ। ਪੰਥ ਅਜਿਹੀ ਸਿੱਖ ਵਿਰੋਧੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕਰੇਗਾ ਅਤੇ ਫੈਸਲੇ ਨੂੰ ਪੰਥ ਵਿਰੋਧੀ ਅਤੇ ਗੈਰ ਸਿਧਾਂਤਕ ਕਰਾਰ ਦਿੰਦਿਆਂ ਰੱਦ ਕੀਤਾ ਹੈ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਦੇ ਸਕੱਤਰ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਬੀਤੇ ਦਿਨ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰਿਆ ਗਿਆ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਮਾਮਲਾ ਕੋਈ ਅੱਜ ਦਾ ਮਾਮਲਾ ਨਹੀਂ ਬਲਕਿ ਦੋ ਤੋਂ ਤਿੰਨ ਸਾਲ ਪਹਿਲਾਂ ਦਾ ਮਾਮਲਾ ਹੈ। ਇਸ ਮਾਮਲੇ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਕੀਤੀ ਗਈ ਕਾਰਵਾਈ ਨੂੰ ਸਿਧਾਂਤਕ ਤੌਰ ਤੇ ਗਲਤ ਕਰਾਰ ਦਿੰਦਿਆਂ ਰੱਦ ਕੀਤਾ ਗਿਆ ਹੈ। ਚੇਤੇ ਰਹੇ ਕਿ ਬੁੱਧਵਾਰ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਮੀਟਿੰਗ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ 'ਤੇ ਲੱਗੇ ਦੋਸ਼ਾਂ ਸਬੰਧੀ ਮਾਮਲਾ ਵਿਚਾਰਿਆ ਗਿਆ ਸੀ।

SHAM LAL CHANDER
ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : -
Repairs/Replacement of Bathrooms accessories (sink, taps, tubs, showers, Toilets etc.

ELECTRICIAN :-
Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: -
Plastering, skimming, Brick Work, Slabs Lying, Drive Ways, Roof maintenance etc.

CARPENTRY: -
Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਤਰਕਸ਼ੀਲਾਂ ਵੱਲੋਂ ਮਰਹੂਮ ਮਾ. ਪ੍ਰੀਤਮ ਕੁਮਾਰ ਨੂੰ ਸਮਰਪਿਤ ਸੈਮੀਨਾਰ 24 ਨੂੰ

ਰੋਪੜ (ਰੋਮੀ ਘੜਾਮਾਂ): ਤਰਕਸ਼ੀਲ ਸੁਸਾਇਟੀ, ਪੰਜਾਬ (ਇਕਾਈ: ਰੋਪੜ) ਵੱਲੋਂ ਮਰਹੂਮ ਮਾ. ਪ੍ਰੀਤਮ ਕੁਮਾਰ ਦੀ ਯਾਦ ਵਿੱਚ ਸੈਮੀਨਾਰ 24 ਮਈ ਐਤਵਾਰ ਨੂੰ ਕਰਵਾਇਆ ਜਾਵੇਗਾ। ਇਕਾਈ ਦੇ ਮੀਡੀਆ ਵਿਭਾਗ ਮੁਖੀ ਹਰਵਿੰਦਰ ਸੁਖਰਾਮਪੁਰ ਨੇ ਦੱਸਿਆ ਕਿ 'ਰਸਮੋ-ਰਿਵਿਜ ਬਨਾਮ ਤਰਕਸ਼ੀਲ ਨਜ਼ਰੀਆ' ਵਿਸ਼ੇ 'ਤੇ ਉਕਤ ਸਮਾਗਮ ਗਾਂਧੀ ਮੈਮੋਰੀਅਲ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਵੇਰੇ 09:00 ਤੋਂ ਦੁਪਿਹਰ 12:00 ਵਜੇ ਤੱਕ ਹੋਵੇਗਾ। ਜਿਸ ਵਿੱਚ ਸੰਦੀਪ ਧਾਰੀਵਾਲ ਭੋਜਾ, ਜ਼ੋਨ ਮੁਖੀ, ਅਮ੍ਰਿਤਸਰ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨਗੇ। ਕਾਮਰੇਡ ਪਵਨ ਕੁਮਾਰ ਸਰੰਪਚ ਪਿੰਡ: ਚੱਕ ਕਰਮਾ ਦੀ ਨਿਰਦੇਸ਼ਨਾਂ ਵਿੱਚ ਦੋ ਕੋਰਿਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ। ਉਨ੍ਹਾਂ ਸਭਨਾਂ ਨੂੰ ਦਿੱਤੇ ਪ੍ਰੋਗਰਾਮ ਅਨੁਸਾਰ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ। ਜਿਕਰਯੋਗ ਹੈ ਕਿ ਮਰਹੂਮ ਮਾਸਟਰ ਜੀ ਇਕਾਈ ਦੇ ਸਰਗਰਮ ਕਾਰਕੁੰਨ ਸਨ। ਜੋ ਇਕਾਈ ਦੀਆਂ ਸਰਗਰਮੀਆਂ ਵਿੱਚ ਤਨ-ਮਨ-ਧਨ ਤੋਂ ਵਧ ਚੜ੍ਹ ਕੇ ਸਹਿਯੋਗ ਕਰਦੇ ਸਨ। ਉਨ੍ਹਾਂ ਦੁਆਰਾ ਇਲਾਕੇ ਵਿੱਚ ਤਰਕਸ਼ੀਲ ਪ੍ਰਚਾਰ ਹਿੱਤ ਕੀਤੀਆਂ ਗਤੀਵਿਧੀਆਂ ਨੂੰ ਅੱਜ ਵੀ ਫਖਰ ਨਾਲ਼ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਹੋਈ ਮੀਟਿੰਗ ਵਿੱਚ ਹਰਨੇਕ ਚੱਕ ਕਰਮਾ, ਅਮਰਨਾਥ, ਮਾ. ਪਰਵਿੰਦਰ ਅਤੇ ਹੋਰ ਪਤਵੰਤੇ ਸੱਜਣ ਹਾਜਰ ਸਨ।

ਸਰਕਾਰੀ ਹਾਈ ਸਕੂਲ ਅਹਿਮਦਪੁਰ ਦੇ ਦਸਵੀਂ ਜਮਾਤ ਵਿੱਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਸਨਮਾਨਿਤ

ਕਪੂਰਥਲਾ (ਕੌੜਾ)– ਸਰਕਾਰੀ ਹਾਈ ਸਕੂਲ ਅਹਿਮਦਪੁਰ ਦੇ ਦਸਵੀਂ ਕਲਾਸ ਚ ਹਰਗੁਣ ਸਿੰਘ ਖਹਿਰਾ ਨੇ 89.84 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਦੂਸਰਾ ਸਥਾਨ ਅਨੁਸ਼ ਅਤੇ ਤੀਸਰਾ ਸਥਾਨ ਆਰੀਅਨ ਨੇ ਪ੍ਰਾਪਤ ਕੀਤਾ । ਸਕੂਲ ਦੇ ਮੁੱਖ ਅਧਿਆਪਕ ਅਨੂੰ ਗੁਜਰਾਲ ਨੇ ਦੱਸਿਆ ਕਿ ਸਕੂਲ ਦਾ ਦਸਵੀਂ ਕਲਾਸ ਦਾ ਨਤੀਜਾ 100 ਫੀਸਦੀ ਰਿਹਾ। ਉਹਨਾਂ ਨੇ ਇਸ ਦੌਰਾਨ ਪਹਿਲੀ, ਦੂਜੀ ਤੇ ਤੀਸਰੀ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ । ਇਸ ਤੋਂ ਪਹਿਲਾਂ ਮੁੱਖ ਅਧਿਆਪਕ ਅਨੂੰ ਗੁਜਰਾਲ ਨੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਸੰਦੀਪ ਮੰਡ , ਸਰਬਜੀਤ ਸਿੰਘ, ਰਜੇਸ ਥਾਪਰ, ਕੁਲਵਿੰਦਰ ਸਿੰਘ, ਇੰਦਰਜੀਤ ਸਿੰਘ ਖਹਿਰਾ, ਪਰਮਜੀਤ ਸਿੰਘ ਅਤੇ ਅਵਤਾਰ ਸਿੰਘ ਹਾਜ਼ਰ ਹੋਏ ।

ਪੰਜਾਬ ਦੇ ਨੌਜਵਾਨਾਂ ਨੂੰ, ਕਿਉਂ ਆਪਣਾ ਪਿੰਡ ਹੀ ਚੰਗਾ ਲੱਗਣੋਂ ਹਟ ਗਿਆ?

ਸਮਾਜ ਦੀਆਂ ਕਦਰਾਂ ਕੀਮਤਾਂ, ਵਿਰਸੇ ਅਤੇ ਇਤਿਹਾਸ ਦੇ ਗਿਆਨ ਤੋਂ ਹੁਣ ਕੋਹਾਂ ਦੂਰ ਹੈ ਪੰਜਾਬ ਦੀ ਜਵਾਨੀ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਇੱਕ ਵਕਤ ਸੀ ਕਿ ਪੰਜਾਬ ਦੇ ਪਿੰਡਾਂ ਨੂੰ ਦੁਨੀਆਂ ਦਾ ਸਵਰਗ ਮੰਨਿਆ ਜਾਂਦਾ ਸੀ, ਲੋਕਾਂ ਦੇ ਸੰਸਕਾਰ, ਸੱਭਿਆਚਾਰ ਦੀਆਂ ਕਦਰਾਂ ਕੀਮਤਾਂ, ਪੰਜਾਬੀਆਂ ਦੀ ਬਹਾਦਰੀ, ਖੇਡਾਂ ਦੀ ਦੁਨੀਆਂ ਵਿੱਚ ਇੱਕ ਵਿਲੱਖਣ ਪਹਿਚਾਣ, ਸਿੱਖਿਆ ਦੇ ਖੇਤਰ ਵਿੱਚ ਪੰਜਾਬ ਮੋਹਰੀ ਸੂਬਾ, ਦੇਸ਼ ਦੀਆਂ ਜੰਗਾਂ ਵਿੱਚ ਸਿੱਖਾਂ ਦੀ ਦਲੇਰੀ ਦੇ ਕਿੱਸੇ, ਦੇਸ਼ ਨੂੰ ਆਜ਼ਾਦੀ ਦਿਵਾਉਣ ਵਿੱਚ ਪੰਜਾਬੀਆਂ ਦੀ 93 ਪ੍ਰਤੀਸ਼ਤ ਭੂਮਿਕਾ, ਦੇਸ਼ ਦਾ ਅੰਨਦਾਤਾ ਹਰੀ ਕ੍ਰਾਂਤੀ ਪੈਦਾ ਕਰਨ ਵਾਲਾ ਪੰਜਾਬ ਦਾ ਕਿਸਾਨ, ਇੱਜ਼ਤਾਂ ਦਾ ਰਖਵਾਲਾ ਪੰਜਾਬ, ਜੋ ਦੁਨੀਆਂ ਲਈ ਇੱਕ ਮਿਸ਼ਾਲ ਹੁੰਦਾ ਸੀ ਪਰ ਅੱਜ ਉਹ ਪਹਿਲਾਂ ਵਾਲਾ ਪੰਜਾਬ, ਉਹ ਪੰਜਾਬ ਨਹੀਂ ਰਿਹਾ ਪਤਾ ਨਹੀਂ ਕਿਉਂ ਅੱਜ ਦੇ ਪੰਜਾਬੀ ਨੌਜਵਾਨ ਨੂੰ ਪੰਜਾਬ ਤਾਂ ਦੂਰ ਦੀ ਗੱਲ, ਉਸ ਨੂੰ ਆਪਣਾ ਪਿੰਡ ਹੀ ਵਧੀਆ ਲੱਗਣੋਂ ਹਟ ਗਿਆ ਹੈ । ਹਰ ਮਾਂ ਬਾਪ ਦੀ, ਹਰ ਨੌਜਵਾਨ ਬੱਚੇ ਦੀ ਅੱਜ ਇੱਕੋ ਤਮੰਨਾ ਹੈ ਕਿ ਉਹ ਕਦੋਂ ਆਪਣੀ ਜ਼ਮੀਨ ਜਾਇਦਾਦ ਅਤੇ ਘਰ ਬਾਰ ਵੇਚ ਕੇ ਬਾਹਰਲੇ ਮੁਲਕ ਸੈਟਲ ਹੋਵੇ, ਪਿੰਡ ਪ੍ਰਤੀ, ਪੰਜਾਬ ਦੀ ਸੰਸਕ੍ਰਿਤੀ ਪ੍ਰਤੀ, ਇਤਿਹਾਸ ਪ੍ਰਤੀ, ਖੇਡਾਂ ਜਾਂ ਹੋਰ ਕੰਮਾਂ ਪ੍ਰਤੀ ਉਸ ਦਾ ਕੋਈ ਮੋਹ ਨਹੀਂ, ਕੋਈ ਗਿਆਨ ਨਹੀ ਬੱਸ ਉਸਦਾ ਇੱਕੋ ਨਿਸ਼ਾਨਾਂ ਪਹਿਲਾਂ ਆਈਲੈਟਸ ਕਰਨਾ ਤੇ ਫਿਰ ਕੈਨੇਡਾ, ਅਮਰੀਕਾ, ਆਸਟਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਜਾਂ ਕਿਸੇ ਹੋਰ ਮੁਲਕ ਜਾ ਕੇ ਵੱਸਣਾ ਹੈ । ਇੱਕ ਸਮਾਂ ਸੀ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੰਬਰ ਇੱਕ, ਆਈ ਏ ਐਸ , ਆਈ ਪੀ ਐਸ ਬਣਦੇ ਸੀ ਪੰਜਾਬੀ ਪਰ ਅੱਜ ਖਾਸ ਕਰਕੇ ਸਿੱਖਾਂ ਦੇ ਬੱਚਿਆਂ ਨੂੰ ਪੰਜਾਬੀ ਨਹੀ ਲਿਖਣੀ ਆਉਦੀਂ । ਪੰਜਾਬੀ ਸਿਹਤ ਪੱਖੋਂ ਪੰਜਾਬੀ ਦੁਨੀਆਂ ਭਰ ਚ ਮੋਹਰੀ, ਪਰ ਅੱਜ ਨਸ਼ਿਆਂ ਦੀ ਰਾਜਧਾਨੀ ਬਣ ਗਿਆ । ਓਲੰਪਿਕ ਖੇਡਾਂ ਵਿੱਚ ਤਗ਼ਮੇ ਜਿੱਤਣ ਵਾਲਿਆਂ ਵਿੱਚ ਪੰਜਾਬੀਆਂ ਦੀ ਤੂਤੀ ਬੋਲਦੀ ਸੀ। ਭਾਰਤ ਅਤੇ ਕੀਨੀਆਂ, ਤਨਜ਼ਾਨੀਆ, ਮਲੇਸ਼ੀਆ ਵਰਗੇ ਮੁਲਕਾਂ ਦੀਆਂ ਹਾਕੀ ਟੀਮਾਂ ਵਿੱਚ ਵਧੇਰੇ ਗਿਣਤੀ ਸਿੱਖ ਖਿਡਾਰੀਆਂ ਦੀ ਭਰਮਾਰ, ਪੰਜਾਬੀਆਂ ਦੀ ਬਹਾਦਰੀ ਦੀਆਂ ਗੱਲਾਂ ਦੁਨੀਆਂ ਵਿੱਚ ਹੁੰਦੀਆਂ ਸਨ ,ਪਰ ਸਮੇਂ ਸਮੇਂ ਦੀਆਂ ਸਰਕਾਰਾਂ ਅਤੇ ਰਾਜਨੀਤਕ ਆਗੂਆਂ ਨੇ ਆਜ਼ਾਦੀ ਤੋਂ ਬਾਅਦ ਕਦੇ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ, ਕਦੇ ਨਕਸਲਾਈਟ ਮੂਵਮੈਂਟ ਦੌਰਾਨ ਪੰਜਾਬ ਦੇ ਨੌਜਵਾਨਾਂ ਦਾ ਘਾਣ,

ਫੇਰ 1984 ਤੋਂ 1993 ਤੱਕ ਸਿੱਖ ਨੌਜਵਾਨੀ ਦਾ ਕਤਲੋ ਗਾਰਦ ਹੋਇਆ, ਭਾਵੇਂ ਮੌਤਾਂ ਦੀ ਤਬਾਹੀ ਮੱਚੀ ਪਰ ਫਿਰ ਵੀ ਪੰਜਾਬ ਦਾ ਨੌਜਵਾਨ ਬੇਇਨਸਾਫੀ ਦੇ ਵਿਰੁੱਧ ਡਟ ਕੇ ਲੜਿਆ, ਸਰਕਾਰਾਂ ਤੋਂ ਇਹ ਬਹਾਦਰੀ ਬਰਦਾਸ਼ਤ ਨਾ ਹੋਈ । ਆਖ਼ਰ ਸਰਕਾਰਾਂ ਅਤੇ ਏਜੰਸੀਆਂ ਨੇ 1990ਵੇਂ ਦਹਾਕੇ ਦੌਰਾਨ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਵੱਡੇ ਪੱਧਰ ਤੇ ਤਬਦੀਲੀ ਲਿਆਂਦੀ, ਬਹਾਦਰੀ ਵਾਲੇ ਇਤਿਹਾਸ ਨੂੰ ਖ਼ਤਮ ਕਰਕੇ ਅਤੇ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਕੇ ਉਨ੍ਹਾਂ ਨੂੰ ਰੋਮਾਂਚਕ ਅਤੇ ਫੈਸ਼ਨ ਵਾਲੀ ਜ਼ਿੰਦਗੀ ਵੱਲੋਂ ਮੋੜਿਆ । ਕਦਰਾਂ ਕੀਮਤਾਂ ਵਾਲੇ ਸੱਭਿਆਚਾਰ ਨੂੰ ਨਸ਼ਿਆਂ ਅਤੇ ਹਥਿਆਰਾਂ ਵੱਲ ਮੋੜਿਆ, ਘਰ ਦੀ ਸ਼ਰਾਬ ਹੋਵੇ ਆਪਣਾ ਪੰਜਾਬ ਹੋਵੇ, ਹਥਿਆਰਾਂ ਵਾਲੇ ਗੀਤ, ਗੁੰਡਾਗਰਦੀ ਵਾਲੇ ਗੀਤਾਂ ਨੂੰ ਉਤਸ਼ਾਹ ਕੀਤਾ । ਪੰਜਾਬ ਦਾ ਉਹ ਹਥਿਆਰ ਜੋ ਗੁੰਡਾਗਰਦੀ ਦਾ ਟਾਕਰਾ ਕਰਦਾ ਸੀ ਉਸ ਨੂੰ ਗੁੰਡਾਗਰਦੀ ਵਾਲੇ ਮਾਹੌਲ ਵਿੱਚ ਤਬਦੀਲ ਕੀਤਾ । ਇੰਨਾ ਗਾਉਣ ਵਾਲਿਆਂ ਨੇ ਇੱਕ ਸਾਜਿਸ਼ ਤਹਿਤ ਹੀ ਪੰਜਾਬ ਦੀ ਧੀ ਨੂੰ ਵੀ ਆਪਣੇ ਗਾਣਿਆਂ ਵਿੱਚ ਇੱਕ ਸ਼ੁੰਦਰ ਵਸਤੂ ਵਜੋਂ ਪੇਸ ਕੀਤਾ । ਗੈਂਗਸਟਰ ਜੋ ਸਬਦ ਕਦੇ ਕਿਸੇ ਪੰਜਾਬੀ ਨੇ ਸੁਣਿਆ ਹੀ ਨਹੀਂ ਸੀ ਉਹ ਅੱਜ ਪੰਜਾਬ ਦੇ ਹੀਰੋ, ਗਾਉਣ ਵਾਲਿਆਂ, ਕਬੱਡੀ ਵਾਲਿਆਂ, ਅਤੇ ਕੱਦਵਾਰ ਰਾਜਨੀਤਿਕ ਲੋਕਾਂ ਦੇ ਰਖਵਾਲੇ ਹਨ। ਪੰਜਾਬ ਦੇ ਸ੍ਰੋਤ ਧਰਤੀ, ਪਾਣੀ, ਹਵਾ ਨੂੰ ਯੋਜਨਾ ਤਹਿਤ ਗੰਧਲਾ ਕੀਤਾ । ਪੰਜਾਬ ਦੇ ਮੁੱਦੇ, ਪਾਣੀਆਂ ਦੇ ਮਸਲੇ, 1984 ਸਿੱਖਾਂ ਦੀ ਨਸਲਕੁਸ਼ੀ , ਪੰਜਾਬ ਦੇ ਹੱਕਾਂ ਅਤੇ ਅਧਿਕਾਰਾਂ ਤੋਂ ਵਾਂਝੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਦਲਦਲ ਵਿੱਚ ਸੁੱਟਣਾ, ਕਿਸਾਨਾਂ ਨੂੰ ਕਰਜ਼ਿਆਂ ਦੀ ਮਾਰ ਹੇਠ ਆਤਮ ਹੱਤਿਆ ਕਰਨ ਲਈ ਮਜਬੂਰ ਕੀਤਾ, ਗ਼ਰੀਬ ਨੂੰ ਅਨਪੜ੍ਹਤਾ ਅਤੇ ਧਰਮ ਦੇ ਅੰਧ ਵਿਸ਼ਵਾਸ ਥੱਲੇ, ਕੌਮ ਦੀ ਮਾਨਸਿਕਤਾ ਨੂੰ ਇੱਕ ਯੋਜਨਾ ਤਹਿਤ ਦੱਬਿਆ ਹੈ। ਕਿਸੇ ਵੀ ਸਰਕਾਰ ਨੇ ਕਿਸੇ ਵੀ ਦੇਸ਼ ਜਾਂ ਰਾਜ ਵਿੱਚ ਜਦੋਂ ਤਬਾਹੀ ਦੀ ਤਬਦੀਲੀ ਲਿਆਉਣੀ ਹੁੰਦੀ ਹੈ ਤਾਂ ਉਹ ਅਜਿਹੇ ਸੰਕਟ ਖੜ੍ਹੇ ਕਰਦੀਆਂ ਹੀ ਹਨ ਜੋ ਪੰਜਾਬ ਨਾਲ ਹੋਇਆ ਅਤੇ ਹੋ ਰਿਹਾ ਹੈ ਇਸ ਕਰਕੇ ਆਪਣਾ ਧੁੰਦਲਾ ਭਵਿੱਖ ਦੇਖਦਾ ਹੋਇਆ ਪੰਜਾਬ ਦਾ ਹਰ ਬੰਦਾ ਖਾਸ ਕਰਕੇ ਨੌਜਵਾਨ ਇੱਥੇ ਰਹਿਣਾ ਹੀ ਨਹੀਂ ਚਾਹੁੰਦਾ ਉਸ ਨੂੰ ਵਿਦੇਸ਼ਾਂ ਦੇ ਵਿੱਚ ਆਪਣੀ ਜ਼ਿੰਦਗੀ ਸੁਨਹਿਰੀ ਜਾਪਦੀ ਹੈ। ਆਪਣਾ ਵਧੀਆ ਭਵਿੱਖ ਦਿਸਦਾ ਹੈ, ਜਦ ਕੋਈ ਪੰਜਾਬ ਦਾ ਨੌਜਵਾਨ ਪੰਜਾਬ ਚ ਰਹਿਣਾ ਹੀ ਨਹੀਂ ਚਾਹੁੰਦਾ ਉਹ ਕਿਸ ਤਰ੍ਹਾਂ ਆਪਣੇ ਪਿੰਡ ਨੂੰ, ਆਪਣੇ ਇਲਾਕੇ ਨੂੰ, ਆਪਣੇ ਮੁਹੱਲੇ ਨੂੰ ਜਾਂ ਫਿਰ ਆਪਣੇ ਪੰਜਾਬ ਨੂੰ ਪਿਆਰ ਕਰੇਗਾ। ਇਹ ਵਿਦੇਸ਼ਾਂ ਵਾਲਾ ਪ੍ਰਵਾਸ ਵੀ ਇੱਕ ਯੋਜਨਾ ਤਹਿਤ ਹੀ ਹੋ ਰਿਹਾ ਹੈ। ਪੁਰਾਣੇ ਬਜ਼ੁਰਗ ਜੋ ਪਾਕਿਸਤਾਨ ਵਿੱਚੋਂ ਉੱਜੜ ਕੇ ਆਏ ਨੇ ਉਹ ਆਪਣੇ ਲਾਇਲਪੁਰ, ਲਾਹੌਰ ਅਤੇ ਹੋਰ ਸ਼ਹਿਰਾਂ ਪਿੰਡਾਂ ਦੀਆਂ ਬਾਤਾਂ ਪਾਉਂਦੇ ਜਹਾਨੋਂ ਤੁਰ ਗਏ ਨੇ, ਹੁਣ ਦੀ ਪਨੀਰੀ ਕੈਨੇਡਾ ਅਮਰੀਕਾ ਆਸਟ੍ਰੇਲੀਆ ਜਾ ਕੇ ਆਪਣੇ ਪਿੰਡਾਂ ਦੀਆਂ ਯਾਦਾਂ ਦੀਆਂ ਬਾਤਾਂ ਸੁਣਾਉਂਦੀ ਵੀ ਇੱਕ ਦਿਨ ਤੁਰ ਜਾਵੇਗੀ। ਉਹਨਾਂ ਦੇ ਬੱਚਿਆਂ ਨੂੰ ਸਿਰਫ ਇੰਨਾਂ ਕੁ ਹੀ ਗਿਆਨ ਹੋਵੇਗਾ ਕਿ ਸਾਡੇ ਪਿਉ ਦਾਦਿਆਂ ਦੀ ਜਨਮ-ਭੂਮੀ ਪੰਜਾਬ ਸੀ। ਪਿੰਡ ਉਹਨਾਂ ਦੇ ਚੇਤਿਆਂ ਵਿੱਚੋ ਵਿਸਰ ਜਾਵੇਗਾ, ਇਹੀ ਸਾਡਾ ਵੱਡਾ ਦੁਖਾਂਤ ਹੋਵੇਗਾ। ਪੰਜਾਬ ਦੇ ਨੌਜਵਾਨਾਂ ਦੇ ਵਿਦੇਸੀ ਪਰਵਾਸ ਦੀ ਨਿਖੇਧੀ ਤਾਂ ਹਰ ਕੋਈ ਕਰ ਰਿਹਾ ਹੈ ਪਰ ਇਸਨੂੰ ਰੋਕਣ ਦਾ ਯਤਨ ਕੋਈ ਨਹੀ ਕਰ ਰਿਹਾ ਹੈ, ਜੇਕਰ ਕਿਸੇ ਨੇਤਾਵਾਨ ਜਾਂ ਸਰਕਾਰ ਨੇ ਪ੍ਰਵਾਸ ਰੋਕਣ ਦਾ ਉਪਰਾਲਾ ਕਰਨ ਦਾ ਯਤਨ ਕਰੇਗਾ ਤਾਂ ਹੀ ਪੰਜਾਬ ਦੀ ਤਸਵੀਰ ਬਦਲੇਗੀ । ਫੇਰ ਨੌਜਵਾਨਾਂ ਨੂੰ ਇੱਥੇ ਰੋਜ਼ਗਾਰ ਵੀ ਮਿਲੇਗਾ ਅਤੇ ਪੜ੍ਹੇ ਲਿਖੇ ਨੌਜਵਾਨ ਰਾਜਭਾਗ ਦੇ ਹਿੱਸੇਦਾਰ ਵੀ ਬਣਨਗੇ ਜੋ ਸਾਡੇ ਨੇਤਾ ਸਹਿਬਾਨਾਂ ਨੂੰ ਕਦੇ ਵੀ ਬਰਦਾਸਤ ਨਹੀ ਹੋਵੇਗਾ । ਉਹਨਾਂ ਨੂੰ ਤਾਂ ਅਨਪੜ੍ਹ ਤੇ ਮਰੀਆਂ ਜ਼ਮੀਰਾਂ ਵਾਲੇ ਵੋਟਰ ਚਾਹੀਦੇ ਹਨ। ਗੈਰਤਮੰਦ ਅਤੇ ਭਲੇਮਾਣਸ ਪੰਜਾਬੀਓ ਤੁਹਾਡਾ ਉਜਾੜਾ ਤਾਂ ਹੋਣਾ ਹੀ ਹੋਣਾ ਹੈ ਜਿਸਦਾ ਆਪਣੇ ਪਿੰਡ ਵਿੱਚੋਂ ਉਜੜਣਾ ਹੀ ਯਕੀਨੀ ਹੋਵੇ ਉਹ ਫੇਰ ਆਪਣੇ ਪਿੰਡ ਨੂੰ ਕਿਉਂ ਪਿਆਰ ਕਰੂਗਾ ? ਬੱਸ ਇਸ ਸਵਾਲ ਦਾ ਜਵਾਬ ਤੁਸੀ ਆਪ ਲੱਭ ਲੈਣਾ, ਬਾਕੀ ਪੰਜਾਬ ਦੇ ਨੌਜਵਾਨਾਂ ਦਾ, ਰੱਬ ਹੀ ਰਾਖਾ !

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਟ੍ਰੈਕਟਰ ਤੇ ਕਾਰ ਦੀ ਟੱਕਰ 'ਚ ਕਾਰ ਚਾਲਕ ਗੰਭੀਰ ਜ਼ਖ਼ਮੀ

ਫਿਲੌਰ/ਅੱਪਰਾ (ਦੀਪਾ)-ਬੀਤੀ ਦੇਰ ਰਾਤ ਅੱਪਰਾ ਤੋਂ ਨਗਰ ਮੁੱਖ ਮਾਰਗ 'ਤੇ ਪਿੰਡ ਖਾਨਪੁਰ ਦੇ ਗੋਦਾਮਾਂ ਦੇ ਨਜ਼ਦੀਕ ਇੱਕ ਟ੍ਰੈਕਟਰ ਤੇ ਕਾਰ ਦੀ ਟੱਕਰ ਹੋ ਗਈ, ਜਿਸ 'ਚ ਕਾਰ ਚਾਲਕ ਗੰਭੀਰ ਰੂਪ 'ਚ ਜਖ਼ਮੀ ਹੋ ਗਿਆ । ਪ੍ਰਾਪਤ ਵੇਰਵਿਆਂ ਅਨੁਸਾਰ ਬੀਤੀ ਰਾਤ ਲਗਭਗ 10-30 ਵਜੇ ਖਾਨਪੁਰ ਨਹਿਰ ਦੇ ਨਜ਼ਦੀਕ ਗੋਦਾਮਾਂ ਦੇ ਕੋਲ ਇੱਕ ਮਹਿੰਦਰਾ ਟ੍ਰੈਕਟਰ ਤੇ ਕਾਰ ਨੰਬਰ ਪੀ. ਬੀ. 32 ਜੇ-6364 ਦੀ ਅਚਾਨਕ ਟੱਕਰ ਹੋ ਗਈ, ਜਿਸ ਕਾਰਣ ਕਾਰ ਚਾਲਕ ਦੇ ਗੰਭੀਰ ਸੱਟਾਂ ਵੱਜੀਆਂ ਤੇ ਉਸਨੂੰ ਹਸਪਤਾਲ ਦਾਖਲ ਕਰਵਾਇਆ ਗਿਆ । ਹਾਦਸੇ ਦੌਰਾਨ ਕਾਰ ਪਲਟ ਕੇ ਖੇਤਾਂ 'ਚ ਜਾ ਡਿੱਗੀ । ਘਟਨਾ ਦੀ ਸੂਚਨਾ ਮਿਲਦਿਆਂ ਸਬ ਇੰਸਪੈਕਟਰ ਨਿਰਮਲ ਸਿੰਘ ਚੌਕੀ ਇੰਚਾਰਜ ਅੱਪਰਾ ਘਟਨਾ ਸਥਾਨ 'ਤੇ

ਪਹੁੰਚ ਗਏ । ਸਬ ਇੰਸਪੈਕਟਰ ਨਿਰਮਲ ਸਿੰਘ ਚੌਕੀ ਇੰਚਾਰਜ ਅੱਪਰਾ ਨੇ ਦੱਸਿਆ ਕਿ ਜਖਮੀ ਚਾਲਕ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ ਤੇ ਦੋਵਾਂ ਧਿਰਾਂ 'ਚ ਆਪਸੀ ਰਾਜ਼ੀਨਾਮੇ ਦੀ ਗੱਲ ਚੱਲ ਰਹੀ ਹੈ ।

ਕੌਂਸਲਰ ਅਮਨ ਬੱਗਾ ਨੇ ਗਲੀਆਂ ਦੇ ਨਿਰਮਾਣ ਕਾਰਜਾਂ ਦਾ ਕੀਤਾ ਉਦਘਾਟਨ

ਇਲਾਕਾ ਨਿਵਾਸੀਆਂ ਨੇ ਕੌਂਸਲਰ ਅਮਨ ਬੱਗਾ ਦੀ ਕੀਤੀ ਪ੍ਰਸੰਸਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਵਿਧਾਨ ਸਭਾ ਹਲਕਾ ਉੱਤਰੀ ਅਧੀਨ ਪੈਂਦੇ ਵਾਰਡ ਨੰਬਰ 94 ਦੇ ਚਾਂਦਨੀ ਚੌਂਕ ਤੋਂ ਲੈ ਕੇ ਜੱਗੂ ਕਰਿਆਨਾ ਸਟੋਰ ਤੱਕ ਸੜਕ ਨਵਿਆਉਣ ਦਾ ਉਦਘਾਟਨ ਵਿਧਾਇਕ ਮਦਨ ਲਾਲ ਬੱਗਾ ਦੇ ਪੁੱਤਰ ਕੌਂਸਲਰ ਅਮਨ ਬੱਗਾ ਨੇ ਆਪਣੇ ਕਰ-ਕਮਲਾਂ ਨਾਲ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਕੌਂਸਲਰ ਅਮਨ ਬੱਗਾ ਨੇ ਕਿਹਾ ਕਿ ਵਾਰਡ ਨੰਬਰ 94 ਵਿਖੇ ਵਿਕਾਸ ਕਾਰਜਾਂ ਦੇ ਕੰਮ ਜੰਗੀ ਪੱਧਰ ਤੇ ਚੱਲ ਰਹੇ ਹਨ ਅਤੇ ਕਈ ਮੁਕੰਮਲ ਹੋ ਚੁੱਕੇ ਹਨ । ਉਹਨਾਂ ਕਿਹਾ ਕਿ ਵਾਰਡ ਵਾਸੀਆਂ ਨੂੰ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਲਾਕਾ ਵਾਸੀਆਂ ਨੂੰ ਪਿਛਲੇ ਲੰਬੇ ਸਮੇਂ ਤੋਂ ਬਿਜਲੀ ਦੀ ਸਮੱਸਿਆ ਦਾ ਜੋ ਸਾਹਮਣਾ ਕਰਨਾ ਪੈ ਰਿਹਾ ਸੀ, ਉਸ ਦਾ ਪੱਕਾ ਹੱਲ ਕਰਦਿਆਂ ਇਲਾਕੇ ਵਿੱਚ ਨਵੇਂ ਟ੍ਰਾਂਸਫਾਰਮਰ ਲਗਾਏ ਗਏ ਹਨ । ਉਹਨਾਂ ਕਿਹਾ ਕਿ ਵਾਰਡ ਵਿੱਚ ਜਿਹੜੇ ਵਿਕਾਸ ਦੇ ਕੰਮ ਰਹਿ ਗਏ ਹਨ ਉਹਨਾਂ ਨੂੰ

ਵੀ ਜਲਦ ਮੁਕੰਮਲ ਕਰਵਾ ਲਿਆ ਜਾਵੇਗਾ। ਉਹਨਾਂ ਕਿਹਾ ਕਿ ਇਲਾਕੇ ਵਿੱਚ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਕੰਟਰੋਲ ਕਰਨ ਲਈ ਵਾਰਡ ਵਿੱਚ ਥਾਂ-ਥਾਂ ਤੇ ਐਲਈਡੀ ਲਾਈਟਾਂ ਲਗਾਈਆਂ ਗਈਆਂ ਹਨ ਤਾਂ ਜੋ ਕੋਈ ਵੀ ਅਨਸਰ ਹਨੇਰੇ ਦਾ ਫਾਇਦਾ ਨਾ ਚੁੱਕ ਸਕੇ । ਇਸ ਮੌਕੇ ਇਲਾਕਾ ਵਾਸੀਆਂ ਨੇ ਕੌਂਸਲਰ ਅਮਨ ਬੱਗਾ ਨੂੰ ਸਿਰੋਪਾਓ ਭੇਂਟ ਕਰ ਧੰਨਵਾਦ ਕੀਤਾ । ਇਸ ਮੌਕੇ ਜੱਥੇਦਾਰ ਬਲਦੇਵ ਸਿੰਘ ਭੱਲਾ, ਡਾਕਟਰ ਗੁਰਨਾਮ ਸਿੰਘ, ਜਗਦੀਸ਼ ਕੁਮਾਰ ਜੱਗੂ, ਪਰਮਜੀਤ ਸਿੰਘ ਆਹੂਜਾ, ਬਾਬੂ ਚਰੰਜੀ ਲਾਲ, ਜਸਵੀਰ ਸਿੰਘ ਦਸਮੇਸ਼ ਕਲੈਕਸਨ, ਦਵਿੰਦਰ ਕੁਮਾਰ ਜੈਨ, ਭਾਰਤ ਭੂਸ਼ਨ ਭੁਟਾਨੀ, ਪਰਮਜੀਤ ਸਿੰਘ ਭੋਲਾ ਕਰਿਆਨਾ ਸਟੋਰ, ਪਰਮਿੰਦਰ ਸਿੰਘ ਬੰਗਾ, ਬਲਰਾਮ ਬਿਕਾਨੇਰ, ਸੰਜੀਵ ਕੁਮਾਰ ਐਸ ਕੇ ਸਟੂਡਿਓ, ਬਲਬੀਰ ਸਿੰਘ ਕੋਹਲੀ, ਲਕਸ਼ ਬੁੱਧੀਰਾਜਾ, ਠਾਕਰ ਸਾਬ, ਸ਼ਿਵ ਕੁਮਾਰ, ਅਨਿਲ ਸ਼ਰਮਾ, ਸੁਰਿੰਦਰ ਰਾਣਾ, ਭਗਵਾਨ ਸਿੰਘ ਆਹੂਜਾ, ਮਨਪ੍ਰੀਤ ਸਿੰਘ ਸੇਠੀ, ਸੋਮਨਾਥ ਚੋਪੜਾ ਤੇ ਹੋਰ ਵੀ ਹਾਜ਼ਰ ਸਨ।

'ਆਪ' ਦੀ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਦਾ ਨਿਕਲਿਆ ਜਨਾਜ਼ਾ, ਸਰਾਬ ਪੀਣ ਨਾਲ 3 ਦੀ ਹੋਈ ਮੌਤ

ਐਡਵੋਕੇਟ ਘੁੰਮਣ ਨੇ ਜੁਡੀਸ਼ੀਅਲ ਜਾਂਚ, ਪ੍ਰੀਵਾਰ ਨੂੰ 1 ਕਰੋੜ ਰੁਪਏ ਅਤੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੀ ਕੀਤੀ ਮੰਗ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) 'ਨਸ਼ਿਆਂ ਵਿਰੁੱਧ ਜੰਗ' ਦੀ ਸ਼ੁਰੂ ਕੀਤੀ ਗਈ ਮੁਹਿੰਮ ਦਾ ਜਨਾਜ਼ਾ ਉਸ ਵਕਤ ਇੱਕ ਵਾਰ ਫ਼ੇਰ ਨਿਕਲਦਾ ਨਜ਼ਰ ਆਇਆ ਜਦ ਸ਼ਰਾਬ ਪੀਣ ਤੋਂ ਬਾਅਦ 3 ਦੋਸਤਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਦੇਰ ਰਾਤ ਸਿਵਲ ਹਸਪਤਾਲ ਵਿਖੇ ਮ੍ਰਿਤਕਾਂ ਦੇ ਪ੍ਰੀਵਾਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਕੀਤਾ। ਐਡਵੋਕੇਟ ਘੁੰਮਣ ਨੇ ਕਿਹਾ ਕਿ ਭਗਵੰਤ ਮਾਨ ਕਾਂਗਰਸ ਦੀ ਸਰਕਾਰ ਵੇਲੇ ਨਸ਼ਿਆਂ ਨਾਲ ਹੋਈਆਂ ਮੌਤਾਂ ਵਕਤ ਇਹ ਰਾਗ ਅਲਾਪਦੇ ਸਨ ਕਿ ਇਹ ਮੌਤਾਂ ਨਸ਼ਿਆਂ ਨਾਲ ਨਹੀਂ, ਮਡਰ ਹੋਏ ਹਨ ਅਤੇ ਇਨ੍ਹਾਂ ਦੇ ਦੋਸ਼ੀਆਂ ਤੇ 302 ਦਾ ਪਰਚਾ ਦਰਜ਼ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਝੂਠ ਅਤੇ ਫਰੇਬ ਦੀ ਰਾਜਨੀਤੀ ਕਰਨ ਵਾਲੇ ਭਗਵੰਤ ਮਾਨ ਦੇ ਕਾਰਜਕਾਲ ਦੌਰਾਨ ਪਿਛਲੇ 3 ਸਾਲਾਂ ਵਿੱਚ ਜਿੰਨੀਆਂ ਵੀ ਮੌਤਾਂ ਹੋਈਆਂ ਹਨ ਭਗਵੰਤ ਮਾਨ ਇਹ ਦੱਸਣ ਕਿ

ਅੱਜ ਤੱਕ ਕਿੰਨੇ ਦੋਸ਼ੀਆਂ ਤੇ 302 ਦਾ ਪਰਚਾ ਦਰਜ਼ ਕੀਤਾ ਗਿਆ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਆਪਣੇ ਕੀਤੇ ਤੇ ਪਛਤਾ ਰਹੇ ਹਨ। 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ ਨਸ਼ਿਆਂ ਦੇ ਸਮਗਲਰਾਂ ਦੀ ਜਗ੍ਹਾ ਆਮ ਲੋਕਾਂ ਤੇ ਭਾਰੂ ਸਾਬਤ ਹੋ ਰਹੀ ਹੈ ਜਿਨ੍ਹਾਂ ਦੇ ਇੱਟ ਬਾਲਿਆਂ ਅਤੇ ਸੀਮੈਂਟ ਦੀਆਂ ਚਾਦਰਾਂ ਵਾਲੇ ਰੈਣ ਵਸੇਰਿਆਂ (ਘਰਾਂ) ਨੂੰ ਢਹਿਢੇਰੀ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਨੂੰ ਅੱਜ ਉਨ੍ਹਾਂ ਹੱਥਾਂ ਵਿੱਚ ਵੇਚ ਰਹੀ ਹੈ ਜੋ ਦਿੱਲੀ ਦੀ ਸੱਤਾ ਤੇ ਕਾਬਜ ਹੋਣ ਵੇਲੇ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਸਜਾਵਾਂ ਕੱਟ ਚੁੱਕੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਲਾਸਾਂ ਤੇ ਲਾਸਾਂ ਦੀ ਲੜਾਈ ਨਹੀਂ ਸਗੋਂ ਇਨਸਾਫ਼ ਦੀ ਲੜਾਈ ਲੜਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਦੁੱਖ ਦਾ ਪ੍ਰਗਟਾਵਾ ਕਰਨ ਦੀ ਜਗ੍ਹਾ ਰਾਜਨੀਤੀ ਕਰਨ ਨੂੰ ਪਹਿਲ ਦੇ ਰਹੀ ਹੈ। ਐਡਵੋਕੇਟ ਘੁੰਮਣ ਨੇ ਜੁਡੀਸ਼ੀਅਲ ਇਨਕੁਆਰੀ ਦੀ ਮੰਗ ਦੇ ਨਾਲ ਨਾਲ ਮ੍ਰਿਤਕ ਪ੍ਰੀਵਾਰ ਦੇ ਮੈਂਬਰਾਂ ਨੂੰ ਇੱਕ ਇੱਕ ਕਰੋੜ ਰੁਪਏ ਅਤੇ ਪ੍ਰੀਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਵੀ ਕੀਤੀ। ਉਨ੍ਹਾਂ ਜਾਂਚ ਕਰ ਰਹੇ ਡਾਕਟਰਾਂ ਨੂੰ ਵੀ ਤਾੜਨਾ ਕੀਤੀ ਕਿ ਉਨ੍ਹਾਂ ਵੱਲੋਂ ਕੀਤੀ ਗਈ ਕਿਸੇ ਵੀ ਗਲਤ ਜਾਂਚ ਨੂੰ ਕੋਰਟ ਵਿੱਚ ਚੈਲੰਜ ਕਰਕੇ ਪ੍ਰੀਵਾਰ ਨੂੰ ਪੂਰਾ ਇਨਸਾਫ ਦਿਵਾਉਣ ਤੱਕ ਕਾਨੂੰਨੀ ਲੜਾਈ ਵੀ ਲੜੀ ਜਾਵੇਗੀ। ਜੇ ਲੋੜ ਪਈ ਤਾਂ ਧਰਨਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ।

ਸ.ਹ.ਸ.ਧਰਮਗੜ੍ਹ (ਬਨੂੜ) ਵਿਖੇ ਸਿਖਰਲੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਵਿਸ਼ੇਸ਼ ਸਨਮਾਨ

ਬਨੂੜ (ਰੋਮੀ ਘੜਾਮਾਂ): ਸਰਕਾਰੀ ਹਾਈ ਸਕੂਲ ਧਰਮਗੜ੍ਹ ਵਿਖੇ ਅੱਜ ਸਕੂਲ ਮੁਖੀ ਸ਼੍ਰੀਮਤੀ ਸ਼ੀਨਮ ਦੀ ਅਗਵਾਈ ਵਿੱਚ ਸਿਖਰਲੇ ਸਥਾਨ ਹਾਸਲ ਕਰਨ ਵਾਲ਼ੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਜਿੱਥੇ ਪਿੰਡ ਦੇ ਸਰਪੰਚ ਹਰਬੰਸ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਸਨਮਾਨਾਂ ਨਾਲ਼ ਨਿਵਾਜਿਆ। ਦਸਵੀਂ ਜਮਾਤ ਦਾ ਨਤੀਜਾ 100 ਫੀਸਦੀ ਆਉਣ 'ਤੇ ਸਕੂਲ ਮੁਖੀ ਨੇ ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈਆਂ ਅਤੇ ਭਵਿੱਖ ਵਿੱਚ ਹੋਰ ਵੀ ਸ਼ਾਨਦਾਰ ਪ੍ਰਦਰਸ਼ਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਸਨਮਾਨਿਤ ਵਿਦਿਆਰਥੀ ਦੀ ਸੂਚੀ ਵਿੱਚ ਦਸਵੀਂ 'ਚ ਅਮਨਦੀਪ ਸਿੰਘ 86.61% ਅੰਕਾਂ ਨਾਲ਼ ਪਹਿਲੇ, ਰਜਨੀਤ ਕੌਰ 85.84% ਨਾਲ਼ ਦੂਜੇ ਅਤੇ ਜਸਮੀਤ ਸਿੰਘ 80.92% ਅੰਕਾਂ ਨਾਲ਼ ਤੀਸਰੇ ਸਥਾਨ ਤੇ ਰਹੇ। ਇਸੇ ਦੌਰਾਨ ਸਿੱਖਿਆ ਵਿਭਾਗ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟ 'ਪ੍ਰੋਜੈਕਟ ਅਵਾਜ਼' ਤਹਿਤ ਸਕੂਲ ਪੱਧਰੀ ਸ਼ੋਅ ਕੇਸ ਪ੍ਰੋਗਰਾਮ ਵੀ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਚਿੱਤਰ ਬਣਾ ਕੇ ਅਤੇ ਗੀਤ/ਕਵਿਤਾਵਾਂ ਰਾਹੀਂ ਆਪਣੀ ਪੇਸ਼ਕਾਰੀਆਂ ਦਿੱਤੀਆਂ। ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਸ਼ਹਿਨਾਜ, ਦੂਜਾ ਦਲਜੀਤ ਕੌਰ ਅਤੇ ਤੀਜਾ ਸਥਾਨ

ਹਾਸਲ ਕਰਨ ਵਾਲੀ ਵਿਦਿਆਰਥਣ ਕੋਮਲ ਨੂੰ ਵੀ ਸਨਮਾਨ ਚਿੰਨ੍ਹਾਂ ਨਾਲ਼ ਸਨਮਾਨਿਆ ਗਿਆ। ਸਕੂਲ ਵੱਲੋਂ ਚਾਹ ਅਤੇ ਲੰਗਰ ਦਾ ਪ੍ਰਬੰਧ ਉਚੇਚੇ ਤੌਰ 'ਤੇ ਕੀਤਾ ਗਿਆ। ਉਪਰੰਤ ਸਕੂਲ ਮੁਖੀ ਅਤੇ ਸਟਾਫ਼ ਵੱਲੋਂ ਮੁੱਖ ਮਹਿਮਾਨ ਹਰਬੰਸ ਸਿੰਘ ਸਰਪੰਚ, ਵਿਸ਼ੇਸ਼ ਮਹਿਮਾਨ ਸਾਬਕਾ ਸਰਪੰਚ/ਮੌਜੂਦਾ ਪੰਚ, ਹਰਦਿੱਤ ਸਿੰਘ ਪੰਚ, ਪਰਮਜੀਤ ਸਿੰਘ ਪੰਚ ਅਤੇ ਸਮਾਜ ਸੇਵੀ ਚਰਨਜੀਤ ਸਿੰਘ ਦੇ ਸਨਮਾਨ ਕੀਤੇ ਗਏ। ਉਨ੍ਹਾਂ ਸਕੂਲ ਲਈ ਸਹਿਯੋਗ ਕਰਨ ਤੇ ਖਾਸ ਕਰਕੇ ਖੇਡ ਮੈਦਾਨ ਵਿੱਚ ਭਰਤ ਪੁਆ ਕੇ ਸਕੂਲ ਦੀ ਨੁਹਾਰ ਬਦਲਣ ਲਈ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਉੱਧਮ ਸਿੰਘ (ਕੰਪਿਊਟਰ ਫੈਕਟਰੀ), ਗੁਰਜਿੰਦਰ ਕੌਰ (ਆਰਟ ਐਂਡ ਕਰਾਫਟ) , ਵੰਦਨਾ, ਮੁਕੇਸ਼, ਰਣਜੀਤ ਕੌਰ, ਸਿਮਰਿਤੀ, ਸੁਪਰਿਤੀ, ਮੋਨਿਕਾ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸਿਮਰਨ ਕੌਰ , ਵਿਦਿਆਰਥੀਆਂ ਦੇ ਮਾਪੇ ਅਤੇ ਹੋਰ ਪਤਵੰਤੇ ਸੱਜਣ ਹਾਜਰ ਸਨ।

ਸੰਗਰੂਰ ਵਿੱਚ ਮਾਓਵਾਦੀਆਂ ਦੇ ਕਤਲੇਆਮ ਵਿਰੁੱਧ ਰੋਹ ਭਰਪੂਰ ਕਨਵੈਨਸ਼ਨ ਤੇ ਮੁਜ਼ਾਹਰਾ

ਓਪਰੇਸ਼ਨ ਕਗਾਰ ਅਤੇ ਕਤਲੇਆਮ ਬੰਦ ਕਰੇ ਭਾਜਪਾ ਸਰਕਾਰ: ਡਾਕਟਰ ਨਵਸ਼ਰਨ

ਸੰਗਰੂਰ । "ਬਸਤਰ ਵਿਚ ਚੋਟੀ ਦੇ ਮਾਓਵਾਦੀ ਆਗੂ ਕਾਮਰੇਡ ਕੇਸ਼ਵ ਰਾਓ ਸਮੇਤ 27 ਲੋਕਾਂ ਦਾ ਕਤਲੇਆਮ ਖਣਿਜਾਂ ਉੱਪਰ ਕਾਰਪੋਰੇਟ ਕਬਜ਼ੇ ਲਈ ਦਹਾਕਿਆਂ ਤੋਂ ਆਪਣੇ ਲੋਕਾਂ ਵਿਰੁੱਧ ਭਾਰਤੀ ਰਾਜ ਵਲੋਂ ਲੜੀ ਜਾ ਰਹੀ ਜੰਗ ਦਾ ਸਿਖਰ ਹੈ। ਲੋਕਾਂ ਨੂੰ ਸਰਕਾਰੀ ਬਿਰਤਾਂਤ ਪਿਛਲੀ ਇਹ ਹਕੀਕਤ ਸਮਝਣੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਦਾ ਇਹ ਰੋਹ ਸੜਕਾਂ ਉੱਪਰ ਉਸ ਵਕਤ ਉਮੜਿਆ ਹੈ ਜਦੋਂ ਪ੍ਰਧਾਨ ਮੰਤਰੀ ਅਤੇ ਹੋਰ ਸਿਖ਼ਰਲੇ ਹੁਕਮਰਾਨਾਂ ਵਲੋਂ ਕਤਲੇਆਮ ਦੀ ਜੈ- ਜੈਕਾਰ ਕਰਦੇ ਹੋਏ ਸੁਰੱਖਿਆ ਬਲਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਲਾਸ਼ਾਂ ਉੱਪਰ ਜਸ਼ਨ ਮਨਾਏ ਜਾ ਰਹੇ ਹਨ।"

ਇਹ ਵਿਚਾਰ ਅੱਜ ਇੱਥੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਆਵਾਜ਼ ਉਠਾਉਣ ਲਈ ਪਰੁਲ ਪੈਲੇਸ ਵਿਖੇ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ ਨੇ ਪੇਸ਼ ਕੀਤੇ। ਕਨਵੈਨਸ਼ਨ ਦੀ ਪ੍ਰਧਾਨਗੀ ਡਾ. ਨਵਸ਼ਰਨ, ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਕੀਤੀ।

ਇਸ ਮੌਕੇ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀ, ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਵਕੀਲਾਂ, ਪੱਤਰਕਾਰਾਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਡਾ. ਨਵਸ਼ਰਨ ਨੇ ਕਿਹਾ ਕਿ 'ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਭਾਜਪਾ ਦੀ ਨੀਤੀ ਕਥਿਤ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ ਜਿਸ ਦਾ ਮੁਲਕ ਦੇ ਹਿਤਾਂ ਅਤੇ ਲੋਕਾਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਦਰਅਸਲ, ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨ ਉੱਪਰ ਕੁਦਰਤੀ ਹੱਕ ਦੀ ਰਾਖੀ ਦੇ ਜਮਹੂਰੀ ਹੱਕ ਨੂੰ ਕੁਚਲਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕਿਆਂ ਅਤੇ ਹੋਰ ਜ਼ਮੀਨਾਂ ਉੱਪਰ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਅਤੇ ਇਹ 'ਵਿਕਾਸ' ਮਾਡਲ ਆਦਿਵਾਸੀਆਂ ਅਤੇ ਦੇਸ਼ ਦੇ ਹੋਰ ਲੋਕਾਂ ਨੂੰ ਮਨਜ਼ੂਰ ਨਹੀਂ ਹੈ। ਉਨ੍ਹਾਂ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ 'ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਚੋਂ ਉਪਜੀ ਸਮਾਜਿਕ ਬੇਚੈਨੀ ਦਾ ਨਤੀਜਾ ਹੈ। ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈ ਕੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਅਤੇ 'ਓਪਰੇਸ਼ਨ ਕਗਾਰ' ਵਰਗੇ ਨੀਮ-ਫ਼ੌਜੀ ਓਪਰੇਸ਼ਨ ਚਲਾਕੇ ਸੰਘਰਸ਼ਸ਼ੀਲ ਦੱਬੇ ਕੁਚਲੇ ਲੋਕਾਂ ਦੇ ਲਹੂ ਦੀਆਂ ਨਦੀਆਂ ਵਹਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਮਾਓਵਾਦੀ ਪਾਰਟੀ ਦੀ ਗੱਲਬਾਤ ਦੀ ਪੇਸ਼ਕਸ਼ ਨੂੰ ਘੋਰ ਹਕਾਰਤ ਨਾਲ ਨਜ਼ਰਅੰਦਾਜ਼ ਕਰਕੇ ਕਤਲੇਆਮ ਮਚਾਇਆ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦਾ ਵਿਰੋਧ ਕਾਰਪੋਰੇਟ ਪ੍ਰੋਜੈਕਟਾਂ ਲਈ ਅੜਿੱਕਾ ਨਾ ਬਣੇ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਪਰਮਿੰਦਰ ਸਿੰਘ ਨੇ ਕਿਹਾ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸੰਘਰਸ਼ਸ਼ੀਲ ਵਰਗਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਅਤੇ ਉਨ੍ਹਾਂ ਨੂੰ ਹੰਭਾ-ਥਕਾ ਕੇ ਵਹਿਸ਼ੀ ਜਬਰ ਰਾਹੀਂ ਕੁਚਲਣ ਨੂੰ ਨੀਤੀ ਅਪਣਾਈ ਹੋਈ ਹੈ। ਜਿਉਂਦ, ਚੰਦਭਾਨ ਜਾਂ ਸੰਗਰੂਰ ਭਗਵੰਤ ਮਾਨ ਸਰਕਾਰ ਕਿਸਾਨਾਂ ਅਤੇ ਦਲਿਤਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਨੰਗੇ ਚਿੱਟੇ ਹਮਲੇ ਉੱਪਰ ਉੱਤਰੀ ਹੋਈ ਹੈ। ਕਿਸਾਨ, ਮਜ਼ਦੂਰ ਜਥੇਬੰਦੀਆਂ ਉੱਪਰ ਪੁਲਿਸ ਕਟਕ ਚੜ੍ਹਾਏ ਜਾ ਰਹੇ ਹਨ। ਕਿਸਾਨ, ਮਜ਼ਦੂਰ ਅਤੇ ਸਮਾਜ ਦੇ ਕਿਸੇ ਵੀ ਹੋਰ ਮਿਹਨਤਕਸ਼ ਹਿੱਸੇ ਦੇ ਹੱਕੀ ਸੰਘਰਸ਼ ਪੰਜਾਬ ਸਰਕਾਰ ਦੇ ਉਸੇ ਤਰ੍ਹਾਂ ਨਿਸ਼ਾਨੇ 'ਤੇ ਹੈ ਜਿਵੇਂ ਕੇਂਦਰ ਵਿਚ ਸੱਤਾਧਾਰੀ ਭਗਵਾ ਹਕੂਮਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਲੋਕ ਸੰਘਰਸ਼ਾਂ ਨੂੰ ਪੁਲਿਸ ਅਤੇ ਫ਼ੌਜੀ ਤਾਕਤ ਨਾਲ ਕੁਚਲ ਰਹੀ ਹੈ। ਪਿਛਲੇ ਸਮੇਂ ਤੋਂ ਆਦਿਵਾਸੀ ਇਲਾਕਿਆਂ ਵਿਚ ਲਗਾਤਾਰ ਕਤਲੇਆਮ ਦੇ ਸਮਾਂਤਰ ਪੰਜਾਬ ਵਿਚ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਕਿਸਾਨ ਜਥੇਬੰਦੀਆਂ ਅਤੇ ਹੋਰ ਸੰਘਰਸ਼ਸ਼ੀਲ ਲੋਕ ਹਿੱਸਿਆਂ ਦੇ ਹੱਕੀ ਸੰਘਰਸ਼ਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਦਬਾਉਣ ਲਈ ਸੂਬੇ ਨੂੰ ਪੁਲਿਸ ਰਾਜ ਵਿਚ ਬਦਲਿਆ ਗਿਆ ਹੈ। ਇਹ ਸੰਘਰਸ਼ ਅਤੇ ਜਥੇਬੰਦੀ ਦੇ ਜਮਹੂਰੀ ਹੱਕ ਉੱਪਰ ਤਾਨਾਸ਼ਾਹ ਹਮਲਾ ਹੈ। ਇਸਦਾ ਡੱਟ ਕੇ ਵਿਰੋਧ ਕਰਨਾ ਜ਼ਰੂਰੀ ਹੈ। ਇਸੇ ਲਈ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਨਤਕ ਜਮਹੂਰੀ ਆਵਾਜ਼ ਦਾ ਉੱਠਣਾ ਸਮੇਂ ਦੀ ਅਹਿਮ ਮੰਗ ਹੈ।

ਇਸ ਮੌਕੇ ਪੇਸ਼ ਕੀਤੇ ਮਤਿਆਂ ਵਿਚ ਮੰਗ ਕੀਤੀ ਗਈ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ। ਆਦਿਵਾਸੀ ਇਲਾਕਿਆਂ ਵਿੱਚੋਂ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਵਾਪਸ ਬੁਲਾਈਆਂ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਜਮਹੂਰੀ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਜੇਲ੍ਹਾਂ ਵਿਚ ਡੱਕੇ ਰਾਜਨੀਤਕ ਕੈਦੀਆਂ ਤੇ ਆਮ ਲੋਕਾਂ ਨੂੰ ਰਿਹਾਅ ਕੀਤਾ ਜਾਵੇ। ਸਾਮਰਾਜੀਆਂ ਦੀ ਸ਼ਹਿ ਅਤੇ ਮੱਦਦ ਨਾਲ ਗਾਜ਼ਾ ਦੀਆਂ ਰਿਹਾਇਸ਼ੀ ਬਸਤੀਆਂ, ਸਕੂਲਾਂ, ਹਸਪਤਾਲਾਂ, ਧਾਰਮਿਕ ਸਥਾਨਾਂ ਉੱਪਰ ਕੀਤੀ ਜਾ ਰਹੀ ਬੰਬਾਰੀ ਵਿਚ ਅਤੇ ਭੁੱਖਮਰੀ ਫੈਲਾ ਕੇ ਫਲਸਤੀਨੀ ਲੋਕਾਂ ਦੀ ਗਿਣੀ-ਮਿੱਥੀ ਨਸਲਕੁਸ਼ੀ ਤੁਰੰਤ ਬੰਦ ਕੀਤੀ ਜਾਵੇ ਅਤੇ ਫਲਸਤੀਨ ਨੂੰ ਆਜ਼ਾਦ ਕੀਤਾ ਜਾਵੇ। ਇਕ ਵਿਸ਼ੇਸ਼ ਮਤੇ ਰਾਹੀਂ ਪੰਜਾਬ ਵਿਚ 'ਆਮ ਆਦਮੀ ਪਾਰਟੀ' ਦੀ ਸਰਕਾਰ ਵੱਲੋਂ ਕਿਸਾਨ, ਮਜ਼ਦੂਰ ਸੰਘਰਸ਼ਾਂ ਉੱਪਰ ਕੀਤੇ ਜਾ ਰਹੇ ਜਬਰ ਦੀ ਨਿਖੇਧੀ ਕੀਤੀ ਗਈ ਅਤੇ ਪੰਜਾਬ ਦੀਆਂ ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਵੱਡੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਸੰਘਰਸ਼ ਦੇ ਬੁਨਿਆਦੀ ਹੱਕ ਦੀ ਰਾਖੀ ਦੇ ਸਵਾਲ ਨੂੰ ਹੋਰ ਵੀ ਗੰਭੀਰਤਾ ਨਾਲ ਮੁਖ਼ਾਤਿਬ ਹੋਣ। ਇਸ ਜਾਬਰ ਹੱਲੇ ਦਾ ਮੁਕਾਬਲਾ ਸਾਰੀਆਂ ਜਨਤਕ ਜਮਹੂਰੀ ਤਾਕਤਾਂ ਵੱਲੋਂ ਇਕਜੁੱਟ ਹੋ ਕੇ ਕੀਤਾ ਜਾਵੇ ਅਤੇ ਜਿੱਥੇ ਕਿਤੇ ਵੀ ਕਿਸਾਨ, ਮਜ਼ਦੂਰ ਜਾਂ ਕਿਸੇ ਹੋਰ ਜਥੇਬੰਦੀਆਂ ਨੂੰ ਪੁਲਿਸ ਰਾਜ ਵੱਲੋਂ ਦਬਾਇਆ ਜਾ ਰਿਹਾ ਹੈ, ਉਨ੍ਹਾਂ ਨਾਲ ਆਪਣੀ ਸਾਂਝ ਅਤੇ ਇਕਮੁੱਠਤਾ ਪ੍ਰਗਟਾਉਣ ਲਈ ਧੜੱਲੇ ਨਾਲ ਅੱਗੇ ਆਇਆ ਜਾਵੇ। ਇਕ ਹੋਰ ਮਤੇ ਰਾਹੀਂ ਸੀ.ਪੀ.ਆਈ.(ਮਾਓਵਾਦੀ) ਦੇ ਜਨਰਲ ਸਕੱਤਰ ਕਾ. ਕੇਸ਼ਵ ਰਾਓ ਸਮੇਤ 27 ਮਾਓਵਾਦੀ ਆਗੂਆਂ ਦੀ ਕਥਿਤ ਮੁਕਾਬਲੇ ਵਿਚ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਭਾਜਪਾ ਸਰਕਾਰ ਵੱਲੋਂ ਫ਼ੌਜੀ ਓਪਰੇਸ਼ਨ ਰਾਹੀਂ ਕਤਲੇਆਮ ਜਾਰੀ ਰੱਖਣ ਤੋਂ ਸਪਸ਼ਟ ਹੈ ਕਿ ਹਕੂਮਤ ਦਾ ਇੱਕੋਇਕ ਮਨੋਰਥ ਇਨਕਲਾਬੀ ਤਾਕਤਾਂ ਦਾ ਜਿਸਮਾਨੀ ਸਫ਼ਾਇਆ ਕਰਕੇ ਭਾਰਤੀ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਨੰਗੇ ਅਨਿਆਂ ਤੇ ਲੁੱਟਖਸੁੱਟ ਦਾ ਬੇਕਿਰਕ ਰਾਜ ਅਜਿੱਤ ਹੈ ਅਤੇ ਦੱਬੇਕੁਚਲੇ ਤੇ ਮਿਹਨਤਕਸ਼ ਹਿੱਸਿਆਂ ਨੂੰ ਜਥੇਬੰਦ ਸੰਘਰਸ਼ ਤੇ ਮੁਕਤੀ ਦਾ ਸੁਪਨਾ ਲੈਣਾ ਬੰਦ ਕਰ ਦੇਣਾ ਚਾਹੀਦਾ ਹੈ। ਫਾਸ਼ੀਵਾਦੀ ਹਕੂਮਤ ਨੂੰ ਇਤਿਹਾਸ ਤੋਂ ਸਬਕ ਸਿੱਖ ਲੈਣਾ ਚਾਹੀਦਾ ਹੈ। ਜਿਸਮਾਨੀ ਕਤਲੇਆਮ ਬਿਹਤਰੀ ਜ਼ਿੰਦਗੀ ਲਈ ਸਮਾਜਿਕ ਤਬਦੀਲੀ ਦੀ ਮਨੁੱਖੀ ਰੀਝ ਦਾ ਬੀਜ-ਨਾਸ਼ ਨਹੀਂ ਕਰ ਸਕਦੇ। ਜਦੋਂ ਤੱਕ ਲੋਟੂ-ਜਾਬਰ ਰਾਜ ਪ੍ਰਬੰਧ ਹੈ, ਲੋਕ ਇਸ ਨੂੰ ਕਿਸੇ ਨਾ ਕਿਸੇ ਰੂਪ 'ਚ ਅਜਿਹੇ ਆਦਮਖ਼ੋਰ ਪ੍ਰਬੰਧ ਨਾਲ ਟੱਕਰ ਲੈਂਦੇ ਰਹਿਣਗੇ। ਕਨਵੈਨਸ਼ਨ ਵੱਲੋਂ ਮੰਗ ਕੀਤੀ ਗਈ ਕਿ ਮੋਦੀ ਸਰਕਾਰ ਫ਼ੌਜੀ ਓਪਰੇਸ਼ਨਾਂ ਅਤੇ ਗ਼ੈਰਅਦਾਲਤੀ ਸਜ਼ਾਵਾਂ ਦਾ ਤਾਨਾਸ਼ਾਹ ਸਿਲਸਿਲਾ ਬੰਦ ਕਰੇ ਅਤੇ ਭਾਰਤੀ ਲੋਕਾਂ ਦੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਮਾਓਵਾਦੀ ਪਾਰਟੀ ਸਮੇਤ ਹਥਿਆਰਬੰਦ ਟਾਕਰਾ ਲਹਿਰਾਂ ਨਾਲ ਗੱਲਬਾਤ ਦਾ ਅਮਲ ਸ਼ੁਰੂ ਕਰੇ। ਕਨਵੈਨਸ਼ਨ ਤੋਂ ਬਾਦ ਸ਼ਹਿਰ ਵਿਚ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ

ਇਸ ਮੌਕੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ, ਕਾਰਕੁਨਾਂ ਤੋਂ ਇਲਾਵਾ ਇਸ ਖੇਤਰ ਦੀਆਂ ਬਹੁਤ ਸਾਰੀਆਂ ਇਨਸਾਫ਼ਪਸੰਦ ਜਮਹੂਰੀ, ਸਾਹਿਤਕ ਸ਼ਖ਼ਸੀਅਤਾਂ ਹਾਜ਼ਰ ਸਨ। ਇਨਕਲਾਬੀ ਗਾਇਕ ਜੁਗਰਾਜ ਧੌਲਾ, ਇਕਬਾਲ ਕੌਰ ਉਦਾਸੀ, ਜਗਸੀਰ ਜੀਦਾ, ਅਜਮੇਰ ਅਕਲੀਆ, ਕਸਤੂਰੀ ਲਾਲ ਨੇ ਇਨਕਲਾਬੀ ਗੀਤ ਪੇਸ਼ ਕੀਤੇ।

ਜਾਰੀ ਕਰਤਾ: ਬੂਟਾ ਸਿੰਘ ਮਹਿਮੂਦਪੁਰ
9463474342
ਮਿਤੀ: 22 ਮਈ 2025

ਆਰ ਸੀ ਐਫ ਇੰਪਲਾਈਜ਼ ਯੂਨੀਅਨ ਅਤੇ ਪ੍ਰਸ਼ਾਸਨ ਵਿਚਕਾਰ 8ਵੀਂ ਪੀ ਐਨ ਐਮ ਮੀਟਿੰਗ ਵਿੱਚ ਅਹਿਮ ਫੈਸਲੇ

ਕਪੂਰਥਲਾ (ਕੌੜਾ)– ਆਰ ਸੀ ਐਫ ਐਂਪਲਾਈਜ਼ ਯੂਨੀਅਨ ਅਤੇ ਆਰਸੀਐਫ ਪ੍ਰਸ਼ਾਸਨ ਵਿਚਕਾਰ 15, 16 ਅਤੇ 21 ਮਈ, 2025 ਨੂੰ ਹੋਈ 8ਵੀਂ ਪੀਐਨਐਮ ਮੀਟਿੰਗ ਵਿੱਚ ਕਰਮਚਾਰੀਆਂ, ਫੈਕਟਰੀ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਜੁੜੇ ਕਈ ਮਹੱਤਵਪੂਰਨ ਮੁੱਦਿਆਂ 'ਤੇ ਸਰਬਸੰਮਤੀ ਬਣੀ ਹੈ। ਇਸ ਮੀਟਿੰਗ ਵਿੱਚ ਯੂਨੀਅਨ ਦੁਆਰਾ ਉਠਾਏ ਗਏ ਵੱਖ-ਵੱਖ ਮੁੱਦਿਆਂ 'ਤੇ ਗੰਭੀਰ ਅਤੇ ਵਿਸਤ੍ਰਿਤ ਚਰਚਾ ਤੋਂ ਬਾਅਦ, ਕਰਮਚਾਰੀਆਂ ਦੇ ਹਿੱਤ ਵਿੱਚ ਕਈ ਅਹਿਮ ਫੈਸਲੇ ਲਏ ਗਏ ਹਨ।

ਇਸ ਮੀਟਿੰਗ ਵਿੱਚ ਕਰਮਚਾਰੀਆਂ ਦੀ ਤਰੱਕੀ ਅਤੇ ਤਬਾਦਲੇ, ਕਾਰਜ ਹਫ਼ਤੇ ਵਿੱਚ ਤਬਦੀਲੀ, ਅਤੇ ਪਰਸਨਲ ਪ੍ਰੋਟੈਕਟਿਵ ਇਕੁਇਪਮੈਂਟ (ਪੀਪੀਈ) ਦੀ ਗੁਣਵੱਤਾ ਵਿੱਚ ਸੁਧਾਰ ਵਰਗੇ ਵਿਸ਼ਿਆਂ 'ਤੇ ਮਹੱਤਵਪੂਰਨ ਸਹਿਮਤੀ ਬਣੀ। ਔਰਤਾਂ ਲਈ ਸੇਫਟੀ ਸ਼ੂਜ਼ ਦੀ ਖਰੀਦ ਵਿੱਚ ਸੁਧਾਰ, ਬ੍ਰਾਂਡਡ ਪੀਪੀਈ ਦੀ ਉਪਲਬਧਤਾ ਅਤੇ ਜੀਈਐੱਮ (ਘਏਂ) ਤੋਂ ਖਰੀਦੀ ਜਾ ਰਹੀ ਘਟੀਆ ਗੁਣਵੱਤਾ ਵਾਲੀਆਂ ਸੇਫਟੀ ਆਈਟਮਾਂ 'ਤੇ ਕਾਰਵਾਈ ਯਕੀਨੀ ਬਣਾਈ ਗਈ। ਇਸ ਤੋਂ ਇਲਾਵਾ, ਕਰਮਚਾਰੀ ਅਤੇ ਕਲੋਨੀ ਵਿੱਚ ਐਲਪੀਜੀ ਪਾਈਪਲਾਈਨ, ਵੈਸਟ ਕਲੋਨੀ ਵਿੱਚ ਏਟੀਐਮ ਅਤੇ ਕੁੱਤਿਆਂ ਦੀ ਸਮੱਸਿਆ ਦੇ ਹੱਲ ਵਰਗੀਆਂ ਸਹੂਲਤਾਂ 'ਤੇ ਵੀ ਫੈਸਲਾ ਲਿਆ ਗਿਆ। ਹਸਪਤਾਲ ਵਿੱਚ ਸੁਵਿਧਾਵਾਂ ਦੇ ਵਿਸਥਾਰ, ਜਿਵੇਂ ਫਰਨੀਚਰ, ਸਪੈਸ਼ਲਿਸਟ ਡਾਕਟਰਾਂ ਦੀ ਉਪਲਬਧਤਾ ਅਤੇ ਏਅਰ ਕੰਡੀਸ਼ਨਰ ਲਗਾਉਣ 'ਤੇ ਸਹਿਮਤੀ ਬਣੀ, ਨਾਲ ਹੀ ਹਾਲੀਡੇ ਹੋਮ ਸੁਵਿਧਾ ਅਤੇ ਕਮਿਊਨਿਟੀ ਹਾਲ ਵਿੱਚ ਡੀਜੇ ਦੇ ਸਮੇਂ ਦਾ ਵੀ ਨਿਰਧਾਰਨ ਕੀਤਾ

ਗਿਆ। ਕੁਆਰਟਰ ਮੁਰੰਮਤ ਅਤੇ ਗੁਣਵੱਤਾ ਵਿੱਚ ਸੁਧਾਰ, ਅਤੇ ਰੱਖ-ਰਖਾਅ ਲਈ ਆਨਲਾਈਨ ਸਿਸਟਮ ਵਿੱਚ ਸੁਧਾਰ 'ਤੇ ਵੀ ਜ਼ੋਰ ਦਿੱਤਾ ਗਿਆ।

ਵਰਕਸ਼ਾਪ ਅਤੇ ਤਕਨੀਕੀ ਸੁਧਾਰ ਦੇ ਖੇਤਰ ਵਿੱਚ ਵੀ ਕਈ ਵੱਡੇ ਫੈਸਲੇ ਲਏ ਗਏ, ਜਿਨ੍ਹਾਂ ਵਿੱਚ ਸ਼ੈੱਲ ਅਸੈਂਬਲੀ ਸ਼ਾਪ ਲਈ ਨਵੇਂ ਉਪ-ਕਰਨ, ਫੋਰਕ ਲਿਫਟਰ ਦੀ ਖਰੀਦ, ਅਤੇ ਪੇਂਟ ਸ਼ਾਪ ਦਾ ਆਧੁਨਿਕੀਕਰਨ ਸ਼ਾਮਲ ਹੈ। ਸੁਰੱਖਿਆ ਵਿੱਚ ਸੁਧਾਰ ਲਈ ਵੈਲਡਿੰਗ ਗੈਸ ਲੀਕੇਜ 'ਤੇ ਨਿਯੰਤਰਣ ਅਤੇ ਵਾਧੂ ਐਗਜ਼ੌਸਟ ਬਲੋਅਰ ਲਗਾਏ ਜਾਣਗੇ। ਸਫਾਈ ਸਮੱਗਰੀ ਦੀ ਗੁਣਵੱਤਾ ਵਿੱਚ ਸੁਧਾਰ, ਪਖਾਨੇ ਦੀ ਸਥਿਤੀ ਅਤੇ ਮਸ਼ੀਨ ਸ਼ਾਪ ਵਿੱਚ ਸਟਾਫ ਦੀ ਉਪਲਬਧਤਾ 'ਤੇ ਵੀ ਚਰਚਾ ਹੋਈ। ਸੁਰੱਖਿਆ ਉਪਕਰਨਾਂ ਅਤੇ ਫਿਨਿਸ਼ਿੰਗ ਸ਼ਾਪ ਦੀ ਕਾਰਜਪ੍ਰਣਾਲੀ ਵਿੱਚ ਸੁਧਾਰ ਲਈ ਹਫਤਾਵਾਰੀ ਮੈਮੋ ਪਲਾਨ ਅਤੇ ਸਬੰਧਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ। ਗਰੁੱਪ-ਬੀ ਵਿੱਚ ਤਰੱਕੀ, ਕੋਚ ਉਤਪਾਦਨ ਲਈ ਸਮੱਗਰੀ ਦੀ ਉਪਲਬਧਤਾ, ਅਤੇ ਕੀਮਤੀ ਸਮੱਗਰੀ ਦੇ ਭੰਡਾਰਨ ਲਈ ਸ਼ੈੱਡ ਨਿਰਮਾਣ ਵਰਗੇ ਸੰਗਠਨਾਤਮਕ ਅਤੇ ਢਾਂਚਾਗਤ ਮੁੱਦਿਆਂ 'ਤੇ ਵੀ ਮਹੱਤਵਪੂਰਨ ਫੈਸਲੇ ਲਏ ਗਏ। ਇਨ੍ਹਾਂ ਸਾਰੇ ਫੈਸਲਿਆਂ ਦਾ ਹਰ ਦੋ ਮਹੀਨੇ ਬਾਅਦ ਪ੍ਰਸ਼ਾਸਨ ਦੁਆਰਾ ਫਾਲੋਅੱਪ ਕੀਤਾ ਜਾਵੇਗਾ।

ਯੂਨੀਅਨ ਦੇ ਜਨਰਲ ਸਕੱਤਰ ਸਰਵਜੀਤ ਸਿੰਘ ਨੇ ਇਨ੍ਹਾਂ ਫੈਸਲਿਆਂ 'ਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ, "ਇਹ ਮੀਟਿੰਗ ਆਰਸੀਐਫ ਪ੍ਰਸ਼ਾਸਨ ਅਤੇ ਐਂਪਲਾਈਜ਼ ਯੂਨੀਅਨ ਵਿਚਕਾਰ ਸੁਹਿਰਦ ਸਬੰਧਾਂ ਅਤੇ ਕਰਮਚਾਰੀਆਂ ਪ੍ਰਤੀ ਪ੍ਰਤੀਬੱਧਤਾ ਦਾ ਪ੍ਰਮਾਣ ਹੈ। ਸਾਨੂੰ ਖੁਸ਼ੀ ਹੈ ਕਿ ਸਾਡੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਕਈ ਮਹੱਤਵਪੂਰਨ ਮੁੱਦਿਆਂ ਦਾ ਹੱਲ ਹੋਇਆ ਹੈ। ਅਸੀਂ ਆਰਸੀਐਫ ਪ੍ਰਸ਼ਾਸਨ ਨੂੰ ਉਨ੍ਹਾਂ ਦੇ ਸਕਾਰਾਤਮਕ ਸਹਿਯੋਗ ਲਈ ਧੰਨਵਾਦ ਕਰਦੇ ਹਾਂ।" ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਨੇ ਆਪਣੇ ਬਿਆਨ ਵਿੱਚ ਕਿਹਾ, "ਆਰਸੀਐਫ ਐਂਪਲਾਈਜ਼ ਯੂਨੀਅਨ, ਹਮੇਸ਼ਾ ਆਪਣੇ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਸਮਰਪਿਤ ਹੈ। ਇਹ ਫੈਸਲੇ ਕਰਮਚਾਰੀਆਂ ਦੇ ਜੀਵਨ ਦੀ ਗੁਣਵੱਤਾ ਅਤੇ ਕਾਰਜਸਥਾਨ ਦੀ ਸੁਰੱਖਿਆ ਵਿੱਚ ਸੁਧਾਰ ਲਿਆਉਣਗੇ। ਅਸੀਂ ਸਾਰੇ ਕਰਮਚਾਰੀਆਂ ਦੁਆਰਾ ਜਤਾਏ ਗਏ ਵਿਸ਼ਵਾਸ ਲਈ ਆਭਾਰੀ ਹਾਂ ਅਤੇ ਭਵਿੱਖ ਵਿੱਚ ਵੀ ਤੁਹਾਡੀ ਸੇਵਾ ਵਿੱਚ ਤਤਪਰ ਰਹਾਂਗੇ।

ਗੋਰਾਇਆ ਪੁਲਿਸ ਨੇ ਇੱਕ ਮਹਿਲਾ ਨੂੰ 50 ਗ੍ਰਾਮ ਹੈਰੋਇਨ ਤੇ ਦੂਸਰੀ ਮਹਿਲਾ ਨੂੰ 7500 ਐੱਮ. ਐੱਲ ਨਜ਼ਾਇਜ਼ ਸ਼ਰਾਬ ਸਮੇਤ ਕੀਤਾ ਗ੍ਰਿਫਤਾਰ

ਫਿਲੌਰ/ਅੱਪਰਾ (ਦੀਪਾ)– ਗੁਰਾਇਆ ਪੁਲਿਸ ਨੇ ਇੱਕ ਮਹਿਲਾ ਨੂੰ 50 ਗ੍ਰਾਮ ਹੈਰੋਇਨ ਜਦਕਿ ਦੂਸਰੀ ਮਹਿਲਾਂ ਨੂੰ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸਐਚਓ ਗੁਰਾਇਆ ਸਿਕੰਦਰ ਸਿੰਘ ਵਿਰਕ ਨੇ ਦੱਸਿਆ ਚੌਂਕੀ ਇੰਚਾਰਜ ਧੂਲੇਤਾ ਏਐਸਆਈ ਸੁਭਾਸ਼ ਕੁਮਾਰ ਨੇ ਸਮੇਤ ਮਹਿਲਾ ਕਰਮਚਾਰੀ ਨਾਕਾਬੰਦੀ ਦੌਰਾਨ ਇੱਕ ਸਕੂਟਰੀ ਸਵਾਰ ਮਹਿਲਾ ਨੂੰ ਰੋਕ ਕੇ ਪੁੱਛਗਿੱਛ ਕੀਤੀ ਜਿਸਨੇ ਆਪਣਾ ਨਾਮ ਸੰਦੀਪ ਕੌਰ ਉਰਫ ਸੀਪਾ ਪਤਨੀ ਲੇਟ ਸਤਨਾਮ ਸਿੰਘ ਵਾਸੀ ਜੀਤੋ ਕਲੋਨੀ ਨੂਰਮਹਿਲ

ਦੱਸਿਆ ਜਿਸਦੀ ਤਲਾਸ਼ੀ ਲੈਣ ਤੇ ਉਸ ਪਾਸੋਂ 50 ਗ੍ਰਾਮ ਹਰੋਇਨ ਬਰਾਮਦ ਕੀਤੀ ਗਈ ਹੈ ਜਿਸ ਤੋਂ ਹੋਰ ਪੁੱਛਕਿਛ ਕੀਤੀ ਜਾ ਰਹੀ ਹੈ ਇਸੇ ਤਰ੍ਹਾਂ ਏਐਸਆਈ ਬਾਵਾ ਸਿੰਘ ਨੇ ਸਮੇਤ ਮਹਿਲਾ ਕਰਮਚਾਰੀ ਊਸ਼ਾ ਪਤਨੀ ਸਤਨਾਮ ਸ਼ਾਮਾ ਵਾਸੀ ਪਿੰਡ ਗੋਹਾਵਰ ਥਾਣਾ ਗੁਰਾਇਆ ਪਾਸੋਂ 7500 ਐਮਐਲ ਸ਼ਰਾਬ ਨਜਾਇਜ ਬਰਾਮਦ ਕੀਤੀ ਹੈ, ਜਿਸ ਦੇ ਖਿਲਾਫ ਆਬਕਾਰੀ ਐਕਟ ਦਾ ਮਾਮਲਾ ਦਰਜ ਕਰਕੇ ਹੋਰ ਪੁੱਛਗਿਛ ਕੀਤੀ ਜਾ ਰਹੀ ਹੈ।

ਪ੍ਰੀਤਮ ਸਿੰਘ ਗਿੱਲ ਨਮਿਤ ਪਾਠ ਦਾ ਭੋਗ 27 ਨੂੰ

ਜਗਰਾਓਂ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਕੈਨੇਡਾ ਯੰਗ ਸਪੋਰਟਸ ਕਲੱਬ ਸਰੀ ਦੇ ਪ੍ਰਧਾਨ ਇੰਦਰਜੀਤ ਸਿੰਘ ਰੂਮੀ ਦੇ ਦਾਦਾ ਪ੍ਰੀਤਮ ਸਿੰਘ ਗਿੱਲ ਮਿਤੀ: 18 ਮਈ 2025 ਨੂੰ ਸਾਨੂੰ ਸੰਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਅਖੰਡ ਪਾਠ ਜੀ ਦਾ ਭੋਗ ਅਤੇ ਅੰਤਿਮ ਅਰਦਾਸ ਮਿਤੀ 27 ਮਈ 2025 ਦਿਨ ਮੰਗਲਵਾਰ ਦੁਪਹਿਰ 1 ਵਜੇ ਤੱਕ ਗੁਰਦੁਆਰਾ ਸਾਹਿਬ,ਪਿੰਡ:ਰੂੰਮੀ । ਆਪ ਜੀ ਨੇ ਅੰਤਿਮ ਅਰਦਾਸ ਵਿੱਚ

ਸ਼ਾਮਿਲ ਹੋਣ ਦੀ ਕਿਰਪਾਲਤਾ : ਸਮੂਹ ਗਿੱਲ ਪਰਿਵਾਰ। ਫ਼ੋਨ ਕਰਨੀ ਜੀ । ਗੁਰੂ ਦੇ ਭਾਣੇ ਵਿੱਚ ਨੰਬਰ: 94636-57281

ਨਸ਼ਾ ਮੁਕਤੀ ਮੁਹਿੰਮ ਨੂੰ ਸਫਲ ਬਣਾਉਣ ਲਈ ਪ੍ਰਸ਼ਾਸਕੀ ਤਾਲਮੇਲ ਜ਼ਰੂਰੀ - ਐੱਸ. ਐਸ. ਪੀ ਸੰਦੀਪ ਕੁਮਾਰ ਮਲਿਕ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਐੱਸ. ਐਸ. ਪੀ ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵਿਚਕਾਰ ਮਜ਼ਬੂਤ ਤਾਲਮੇਲ ਜ਼ਰੂਰੀ ਹੈ, ਇਸ ਲਈ ਇਸ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਇਆ ਜਾ ਸਕਦਾ ਹੈ। ਉਹ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਹੋਈ ਨਸ਼ਾ ਵਿਰੋਧੀ ਮੁਹਿੰਮ ਸਬੰਧੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਅਤੇ ਐੱਸ. ਪੀ ਮੇਜਰ ਸਿੰਘ ਵੀ ਮੌਜੂਦ ਸਨ। ਮੀਟਿੰਗ ਦੌਰਾਨ ਨਗਰ ਨਿਗਮ, ਨਗਰ ਕੌਂਸਲ ਅਤੇ ਗ੍ਰਾਮ ਪੰਚਾਇਤਾਂ ਦੀਆਂ ਜ਼ਮੀਨਾਂ 'ਤੇ ਨਸ਼ਾ ਤਸਕਰਾਂ ਵੱਲੋਂ ਕੀਤੇ ਜਾ ਰਹੇ ਨਜਾਇਜ਼ ਕਬਜ਼ਿਆਂ 'ਤੇ ਵੀ ਚਰਚਾ ਕੀਤੀ ਗਈ ਅਤੇ ਇਨ੍ਹਾਂ ਮਾਮਲਿਆਂ ਵਿੱਚ ਢੁਕਵੀਂ ਕਾਰਵਾਈ ਲਈ ਹਦਾਇਤਾਂ ਦਿੱਤੀਆਂ ਗਈਆਂ। ਐਸ. ਐਸ. ਪੀ ਮਲਿਕ ਨੇ ਓਟ ਸੈਂਟਰਾਂ ਵਿੱਚ ਇਲਾਜ ਅਧੀਨ ਮਰੀਜ਼ਾਂ ਦੀ ਸਥਿਤੀ 'ਤੇ ਚਰਚਾ ਕਰਦੇ ਹੋਏ ਕਿਹਾ ਕਿ ਨਸ਼ੇ ਦੀ ਲਤ ਨਾਲ ਜੂਝ ਰਹੇ ਲੋਕਾਂ ਨੂੰ ਸਹੀ ਦਿਸ਼ਾ ਦੇਣ ਲਈ ਇਨ੍ਹਾਂ ਕੇਂਦਰਾਂ ਨੂੰ

ਹੋਰ ਪ੍ਰਭਾਵਸ਼ਾਲੀ ਬਣਾਉਣ ਦੀ ਲੋੜ ਹੈ। ਇਸ ਨਾਲ ਉਨ੍ਹਾਂ ਰਿਕਵਰੀ ਯਾਤਰਾਵਾਂ ਨੂੰ ਸਫਲ ਬਣਾਉਣ ਲਈ ਇੱਕ ਠੋਸ ਰਣਨੀਤੀ ਅਪਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਨਤਕ ਭਾਗੀਦਾਰੀ ਵਧਾ ਕੇ ਅਤੇ ਵਿਆਪਕ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਨੇ ਕਿਹਾ ਕਿ ਨਸ਼ਾ ਵਿਰੋਧੀ ਮੁਹਿੰਮ ਨੂੰ ਸਫਲ ਬਣਾਉਣ ਲਈ ਸਮਾਜ ਦੇ ਹਰ ਵਰਗ ਨੂੰ ਅੱਗੇ ਆਉਣਾ ਪਵੇਗਾ, ਤਾਂ ਹੀ ਇਸ ਗੰਭੀਰ ਸਮੱਸਿਆ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕਦਾ ਹੈ। ਮੀਟਿੰਗ ਵਿੱਚ ਮੌਜੂਦ ਅਧਿਕਾਰੀਆਂ ਨੇ ਪ੍ਰਸ਼ਾਸਨਿਕ ਅਤੇ ਪੁਲਿਸ ਪੱਧਰ 'ਤੇ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਸਾਂਝੀ ਕਾਰਵਾਈ ਲਈ ਇੱਕ ਢਾਂਚਾ ਵਿਕਸਤ ਕਰਨ 'ਤੇ ਚਰਚਾ ਕੀਤੀ। ਐਸ. ਐਸ. ਪੀ ਮਲਿਕ ਨੇ ਭਰੋਸਾ ਦਿਵਾਇਆ ਕਿ ਸਖ਼ਤ ਨਿਗਰਾਨੀ ਅਤੇ ਠੋਸ ਕਦਮਾਂ ਰਾਹੀਂ ਨਸ਼ਾ ਤਸਕਰਾਂ ਨੂੰ ਪੂਰੀ ਤਰ੍ਹਾਂ ਨੱਥ ਪਾਈ ਜਾਵੇਗੀ। ਸਬੰਧਤ ਅਧਿਕਾਰੀਆਂ ਨੂੰ ਅਜਿਹੇ ਮਾਮਲਿਆਂ ਦੀ ਨਿਯਮਤ ਤੌਰ 'ਤੇ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਕਿਸੇ ਵੀ ਪੱਧਰ 'ਤੇ ਕੋਈ ਖਾਮੀ ਨਾ ਰਹੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਅਟੁੱਟ ਪਿਆਰ ਤੇ ਸਾਥ ਦਾ ਪ੍ਰਤੀਕ – ਭਰਾ ਦਿਵਸ

ਪਰਿਵਾਰਕ ਰਿਸ਼ਤਿਆਂ ਦੀ ਮਾਲਾ ਵਿੱਚ ਇੱਕ ਰਿਸ਼ਤਾ ਅਜਿਹਾ ਵੀ ਹੁੰਦਾ ਹੈ ਜੋ ਨਿਰਲੇਪ ਪਿਆਰ, ਅਡੋਲ ਭਰੋਸੇ ਅਤੇ ਅਟੁੱਟ ਸਾਥ ਦਾ ਪ੍ਰਤੀਕ ਹੁੰਦਾ ਹੈ ਤੇ ਇਹ ਰਿਸ਼ਤਾ ਹੈ ਭਰਾ ਦਾ। ਇਹ ਸਿਰਫ਼ ਇਕ ਰਿਸ਼ਤਾ ਨਹੀਂ, ਸਗੋਂ ਜ਼ਿੰਦਗੀ ਦੇ ਹਰ ਪੜਾਅ 'ਚ ਸਾਥ ਨਿਭਾਉਣ ਵਾਲੀ ਇੱਕ ਅਦਭੁੱਤ ਯਾਤਰਾ ਹੈ। ਹਰ ਸਾਲ 24 ਮਈ ਨੂੰ ਮਨਾਇਆ ਜਾਣ ਵਾਲਾ 'ਰਾਸ਼ਟਰੀ ਭਰਾ ਦਿਵਸ' ਇਸ ਅਨਮੋਲ ਸਾਂਝ ਨੂੰ ਮਨਾਉਣ ਅਤੇ ਸਲਾਹੀਏ ਕਰਨ ਦਾ ਇੱਕ ਵਿਸ਼ੇਸ਼ ਦਿਨ ਹੁੰਦਾ ਹੈ।

ਇਸ ਦਿਵਸ ਦੀ ਸ਼ੁਰੂਆਤ 2005 ਵਿੱਚ ਅਮਰੀਕਾ ਦੇ ਅਲਾਬਾਮਾ ਰਾਜ ਵਿੱਚ ਹੋਈ ਸੀ। ਡੈਨੀਅਲ ਰੋਡਸ ਨਾਂ ਦੇ ਇਕ ਲੇਖਕ ਅਤੇ ਕਲਾਕਾਰ ਨੇ ਇਹ ਦਿਨ ਆਪਣੇ ਭਰਾ ਦੀ ਯਾਦ ਵਿੱਚ ਮਨਾਉਣਾ ਸ਼ੁਰੂ ਕੀਤਾ ਸੀ। ਉਹ ਮੰਨਦੇ ਸਨ ਕਿ ਜਿਵੇਂ ਮਾਂ, ਪਿਉ ਅਤੇ ਭੈਣ ਲਈ ਖ਼ਾਸ ਦਿਨ ਹੁੰਦੇ ਹਨ, ਉਸੇ ਤਰ੍ਹਾਂ ਭਰਾ ਲਈ ਵੀ ਇੱਕ ਦਿਨ ਹੋਣਾ ਚਾਹੀਦਾ ਹੈ। ਹੁਣ ਇਹ ਦਿਨ ਭਾਰਤ, ਆਸਟ੍ਰੇਲੀਆ, ਰੂਸ ਅਤੇ ਹੋਰ ਕਈ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ।

ਜਿਵੇਂ ਰੱਖੜੀ ਭੈਣ-ਭਰਾ ਦੇ ਰਿਸ਼ਤੇ ਦੀ ਰਵਾਇਤੀ ਪਛਾਣ ਹੈ, ਉਸੇ ਤਰ੍ਹਾਂ 'ਭਰਾ ਦਿਵਸ' ਵੀ ਭੈਣ-ਭਰਾ ਜਾਂ ਭਰਾ-ਭਰਾ ਦੀ ਯਾਰੀ, ਹੌਂਸਲੇ ਅਤੇ ਸਾਥ ਨੂੰ ਸਮਰਪਿਤ ਇੱਕ ਵਿਸ਼ਾਲ ਪੱਧਰੀ ਜਸ਼ਨ ਹੈ। ਇਸ ਦਿਨ ਭੈਣਾਂ ਆਪਣੇ ਭਰਾਵਾਂ ਦੀ ਰੱਖਿਆ, ਲੰਮੀ ਉਮਰ ਅਤੇ ਖੁਸ਼ਹਾਲੀ ਲਈ ਦੁਆ ਕਰਦੀਆਂ ਹਨ, ਉਨ੍ਹਾਂ ਦੀ ਮੌਜੂਦਗੀ ਅਤੇ ਪਿਆਰ ਲਈ ਸ਼ੁਕਰਗੁਜ਼ਾਰੀ ਜਤਾਉਂਦੀਆਂ ਹਨ। ਦੂਜੇ ਪਾਸੇ, ਭਰਾ-ਭਰਾ ਦੀ ਚੁੱਪਚਾਪ ਯਾਰੀ ਅਕਸਰ ਬਿਨਾ ਕਹੇ ਹੀ ਸਭ ਕੁਝ ਕਹਿ ਜਾਂਦੀ ਹੈ।

ਇਹ ਰਿਸ਼ਤਾ ਕਦੇ-ਕਦੇ ਮਿੱਠੀਆਂ ਲੜਾਈਆਂ, ਤਕਰਾਰਾਂ ਤੇ ਰੁੱਸਣ-ਮਨਾਉਣ ਦੇ ਰਾਹੀਂ ਹੋਰ ਵੀ ਪੱਕਾ ਹੁੰਦਾ ਜਾਂਦਾ ਹੈ। ਪਰ ਇਹ ਰਿਸ਼ਤਾ ਸੱਚਮੁੱਚ ਉਸ ਸਮੇਂ ਹੋਰ ਵੀ ਨਿਖਰਦਾ ਹੈ ਜਦੋਂ ਜ਼ਿੰਦਗੀ ਦੇ ਔਖੇ ਮੋੜ ਆਉਂਦੇ ਹਨ ਅਤੇ ਭਰਾ ਆਪਣੇ ਭਰਾ ਲਈ ਢਾਲ ਬਣ ਜਾਂਦਾ ਹੈ ਕਿਉਂਕਿ ਕਹਿੰਦੇ ਹਨ ਭਰਾ ਹੀ ਭਰਾ ਦੀਆਂ ਬਾਹਾਂ ਹੁੰਦੀਆਂ ਹਨ।

ਸਾਡੀ ਸਭਿਆਚਾਰਕ ਧਰੋਹਰ ਵਿੱਚ ਵੀ ਇਹ ਰਿਸ਼ਤਾ ਬੇਹੱਦ ਮਹੱਤਵਪੂਰਨ ਥਾਂ ਰੱਖਦਾ ਹੈ। ਵੱਡਾ ਭਰਾ ਅਕਸਰ ਪਿਉ ਵਾਂਗੂ ਆਪਣੇ ਛੋਟੇ ਭੈਣ-ਭਰਾਵਾਂ ਦੀ ਰੱਖਿਆ ਕਰਦਾ ਹੈ, ਜਦਕਿ ਛੋਟਾ ਭਰਾ ਵੀ ਵੱਡੇ ਭਰਾ ਲਈ ਮਾਣਯੋਗ ਸਾਥੀ ਸਾਬਿਤ ਹੁੰਦਾ ਹੈ। ਦੋਹਾਂ ਦੀ ਚੁੱਪ, ਸਹਾਰਾ, ਨਿਰਲੋਭ ਸਨੇਹ ਤੇ ਅਣਮੁੱਲਾ ਹੌਂਸਲਾ ਕਈ ਵਾਰੀ ਲਫ਼ਜ਼ਾਂ ਤੋਂ ਪਰੇ ਹੁੰਦਾ ਹੋਇਆ ਮਾਣ, ਮਜ਼ਾਕ ਅਤੇ ਅਪਣੱਤ ਦਾ ਅਜਿਹਾ ਮਿਲਾਪ ਬਣਦਾ ਹੈ ਜੋ ਜੀਵਨ ਦੇ ਹਰ ਪਲ ਨੂੰ ਰੰਗੀਨ ਬਣਾਈ ਰੱਖਣ ਵਿਚ ਸਮਰੱਥ ਸਾਬਿਤ ਹੁੰਦਾ ਹੈ।

ਕਈ ਵਾਰੀ ਇਹ ਰਿਸ਼ਤਾ ਸਿਰਫ਼ ਖ਼ੂਨ ਦਾ ਨਹੀਂ, ਸਗੋਂ ਭਾਵਨਾਵਾਂ, ਆਪਸੀ ਸਾਂਝ ਤੇ ਪਿਆਰ ਦੀ ਹੋਂਦ ਵਾਲਾ ਵੀ ਹੁੰਦਾ ਹੈ।ਸਾਡੇ ਪੰਜਾਬੀ ਸਭਿਆਚਾਰ ਵਿੱਚ "ਪੱਗ ਵੱਟ ਭਰਾ" ਦੀ ਰਵਾਇਤ ਇਹੀ ਦੱਸਦੀ ਹੈ ਕਿ ਜੇ ਮਨ ਸਾਫ਼ ਹੋਣ ਤਾਂ ਬਣਾਏ ਰਿਸ਼ਤੇ ਵੀ ਸੱਕਿਆਂ ਤੋਂ ਵਧ ਕੇ ਨਿਭਦੇ ਹਨ ਅਤੇ ਇਹ ਸਮਾਜ ਨੂੰ ਸੰਦੇਸ਼ ਦਿੰਦੇ ਹਨ ਕਿ ਭਾਈਚਾਰਾ ਸਿਰਫ਼ ਖ਼ੂਨ ਦੀ ਲਕੀਰ ਤੱਕ ਹੀ ਸੀਮਿਤ ਨਹੀਂ, ਸਗੋਂ ਇਹ ਦਿਲਾਂ ਦੀ ਸਾਂਝ ਵੀ ਹੈ। ਅਕਸਰ ਤਾਹੀਂ ਕਿਹਾ ਵੀ ਜਾਂਦਾ ਹੈ ਕਿ ਉਹਦੇ ਨਾਲ ਤਾਂ ਸਾਡਾ ਭਰਾਵਾਂ ਵਰਗਾ ਪਿਆਰ ਹੈ।

ਅੱਜ ਦੇ ਤੇਜ਼ ਰਫ਼ਤਾਰ, ਵਿਅਸਤ ਜੀਵਨ ਵਿੱਚ ਜਿੱਥੇ ਰਿਸ਼ਤੇ ਦੂਰ ਹੋ ਰਹੇ ਜਾਪਦੇ ਹਨ, ਉੱਥੇ ਹੀ 'ਭਰਾ ਦਿਵਸ' ਵਰਗੇ ਮੌਕੇ ਸਾਨੂੰ ਆਪਣੀਆਂ ਜੜ੍ਹਾਂ ਵੱਲ ਵਾਪਸ ਲੈ ਜਾਂਦੇ ਹਨ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਇਹ ਰਿਸ਼ਤਾ ਸਿਰਫ਼ ਇਕ ਲਫ਼ਜ਼ੀ ਰਿਸ਼ਤਾ ਨਹੀਂ, ਸਗੋਂ ਇਕ ਅਹਿਸਾਸ ਹੈ ਪਿਆਰ, ਸੰਜੋਗ ਤੇ ਸਮਝਦਾਰੀ ਦਾ।

ਸੋ ਆਓ ਅੱਜ ਦੇ ਦਿਨ ਅਸੀਂ ਇਹ ਵਾਅਦਾ ਕਰੀਏ ਕਿ ਸਾਡੇ ਭਰਾਵਾਂ ਦੇ ਰਿਸ਼ਤੇ ਕਦੇ ਦੂਰੀਆਂ ਦੇ ਸਾਥੀ ਨਾ ਬਣਨ, ਸਗੋਂ ਸਮੇਂ ਦੀ ਹਰ ਸਿਲ-ਵਟ ਤੇ ਹੋਰ ਵੀ ਮਜ਼ਬੂਤ ਹੋਵਣ।

ਬਲਦੇਵ ਸਿੰਘ ਬੇਦੀ
ਜਲੰਧਰ
9041925181

ਹਾਈਪਰਟੈਂਸ਼ਨ ਤੇ ਮੌਸਮੀ ਬਿਮਾਰੀਆਂ ਸਬੰਧੀ ਜਾਗਰੂਕਤਾ ਕੈਂਪ ਲਗਾਇਆ

ਬੰਗਾ(ਚਰਨਜੀਤ ਸੱਲ੍ਹਾਂ)– ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਸ਼ਹੀਦ ਭਗਤ ਸਿੰਘ ਨਗਰ ਦੀਆਂ ਹਦਾਇਤਾਂ ਅਨੁਸਾਰ ਉਲੀਕੀ ਰੂਪ-ਰੇਖਾ ਦੇ ਅੰਤਰਗਤ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਖਟਕੜ ਕਲਾਂ ਵਿਖੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਚਰਨਜੀਤ ਕੁਮਾਰ ਜੀ ਦੀ ਅਗਵਾਈ ਹੇਠ ਕਮਿਊਨਟੀ ਹੈਲਥ ਅਫ਼ਸਰ ਡਾ. ਸੁਖਵਿੰਦਰ ਸਿੰਘ ਵਲੋਂ ਮਹੀਨਾਵਾਰ ਚਲਣ ਵਾਲੀ ਹਾਈਪਰਟੈਂਸ਼ਨ ਡਰਾਈਵ ਦੇ ਸੰਦਰਭ ਵਿੱਚ ਹਾਈ ਬਲੱਡ ਪ੍ਰੈਸ਼ਰ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਡਾ. ਸੁਖਵਿੰਦਰ ਸਿੰਘ ਨੇ ਹਾਜ਼ਰੀਨ ਨੂੰ ਬਲੱਡ ਪ੍ਰੈਸ਼ਰ ਵਧਣ ਦੇ ਕਾਰਨਾਂ ਬਾਰੇ ਵਿਸਥਾਰ ਨਾਲ ਸਮਝਾਇਆ। ਜੀਵਨ ਸ਼ੈਲੀ ਦੇ ਬਦਲਾਅ ਅਤੇ ਬਜ਼ਾਰੂ ਜੰਕ ਫੂਡ ਕਾਰਨ ਬੀਪੀ ਵਿੱਚ ਵਾਧਾ ਹੁੰਦਾ ਹੈ। ਤੀਹ ਸਾਲ ਤੋਂ ਵੱਧ ਉਮਰ ਵਾਲੇ ਲੋਕਾਂ ਨੂੰ ਨਿਯਮਤ ਤੌਰ 'ਤੇ ਬਲੱਡ ਪ੍ਰੈਸ਼ਰ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਬਦਲਦੇ ਮੌਸਮ ਦੌਰਾਨ ਮੱਛਰਾਂ ਦੇ ਕੱਟਣ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਡੇਂਗੂ, ਚਿਕਨਗੁਨੀਆ, ਮਲੇਰੀਆ ਆਦਿ ਦੇ ਕਾਰਨਾਂ, ਬਚਾਅ ਅਤੇ ਇਲਾਜ਼ ਸਬੰਧੀ ਵਿਸਥਾਰ ਨਾਲ ਸਮਝਾਇਆ। ਡੇਂਗੂ ਦੀ ਬੀਮਾਰੀ ਸਮੇਂ ਤੇਜ਼ ਬੁਖਾਰ, ਅੱਖਾਂ ਦੇ ਪਿਛਲੇ ਹਿੱਸੇ 'ਚ ਤਿੱਖਾ ਦਰਦ, ਸਾਰੇ ਸਰੀਰ ਵਿੱਚ ਇਸ ਤਰ੍ਹਾਂ ਦਰਦ ਹੁੰਦੀ ਹੈ ਜਿਵੇਂ ਸਾਰੀਆਂ ਹੱਡੀਆਂ ਇਕੱਠੀਆਂ ਟੁੱਟ ਗਈਆਂ ਹੋਣ, ਭੁੱਖ ਨਾ ਲੱਗਣਾ ਆਦਿ ਲੱਛਣ ਉਤਪੰਨ ਹੁੰਦੇ ਹਨ। ਇਸ ਬਿਮਾਰੀ ਨੂੰ ਫ਼ੈਲਾਉਣ ਵਾਲਾ ਮੱਛਰ ਅਕਸਰ ਦਿਨ ਸਮੇਂ ਕੱਟਦਾ ਹੈ ਜਿਸ ਕਾਰਨ ਡੇਂਗੂ ਦੀ ਬੀਮਾਰੀ ਫੈਲਦੀ ਹੈ। ਇਹ ਮੱਛਰ ਸਾਫ਼ ਪਾਣੀ 'ਤੇ ਜਿਆਦਾ ਪਲਦਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਮੇ-ਸਮੇ 'ਤੇ ਕੂਲਰ, ਪਾਣੀ ਦੀ ਟੈਂਕੀ, ਗਮਲਿਆਂ ਆਦਿ ਦੀ ਸਫ਼ਾਈ ਕੀਤੀ ਜਾਣੀ ਚਾਹੀਦੀ ਹੈ। ਇਸ ਬੀਮਾਰੀ ਸਬੰਧੀ ਚਰਚਿਤ ਗਲਤਫ਼ਹਿਮੀਆਂ ਜਿਵੇਂ ਕਿ ਪਲੇਟਲੈਟਸ (ਸੈੱਲ) ਵਧਾਉਣ ਲਈ ਬੱਕਰੀ ਦਾ ਦੁੱਧ ਪਿਲਾਉਣਾ ਜੋ ਕਿਸੇ ਪੱਖੋਂ ਤਰਕਸੰਗਤ ਨਹੀਂ ਹੈ, ਟੂਣਾ ਆਦਿ ਕਰਨਾ ਬਾਰੇ ਵੀ ਚਰਚਾ ਕੀਤੀ ਗਈ।ਇਸ ਮੌਕੇ ਸਿਹਤ ਅਧਿਕਾਰੀ ਹਰਮੇਸ਼ ਲਾਲ, ਰਾਜ ਕੁਮਾਰ ਮੇਲ ਵਰਕਰ ,ਮ.ਪ.ਹ.ਸੁ (ਫੀ) ਸ੍ਰੀਮਤੀ ਸੋਮਾ ਦੇਵੀ , ਮ.ਪ.ਹ.ਵ (ਫੀ) ਚੰਦਰਕਾਂਤਾ, ਆਸ਼ਾ ਵਰਕਾਰ ਕੁਲਵਿੰਦਰ ਕੌਰ ਅਤੇ ਬਿਮਲਾ ਦੇਵੀ ਆਦਿ ਹਾਜ਼ਰ ਸਨ।

ਡਾ. ਸੁਖਵਿੰਦਰ ਸਿੰਘ ਹਾਜ਼ਰੀਨ ਨੂੰ ਜਾਣਕਾਰੀ ਦਿੰਦੇ ਹੋਏ, ਨਾਲ ਹੋਰ।

ਭਲਾਈ ਯੋਜਨਾਵਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ - ਕੰਗ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਅੱਜ ਇੱਥੇ ਜ਼ਿਲ੍ਹੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਅਤੇ ਭਲਾਈ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਨਿਰਧਾਰਤ ਸਮੇਂ ਵਿੱਚ ਉਨ੍ਹਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਸੰਸਦ ਮੈਂਬਰ ਨੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਬਾਰੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਕੋਈ ਦੇਰੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਜਨਤਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਭਲਾਈ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਮਿਲ ਸਕੇ। ਵਿਧਾਇਕ ਡਾ. ਸੁਖਵਿੰਦਰ ਸਿੰਘ ਸੁੱਖੀ, ਵਿਧਾਇਕ ਡਾ. ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਵਿਧਾਇਕ ਡਾਕਟਰ ਨਛੱਤਰ ਪਾਲ ਅਤੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਵੱਖ-ਵੱਖ ਪ੍ਰੋਜੈਕਟਾਂ ਅਤੇ ਯੋਜਨਾਵਾਂ ਅਧੀਨ ਫੰਡਾਂ ਦੀ ਵੰਡ, ਚੱਲ ਰਹੇ ਕੰਮਾਂ, ਹੁਣ ਤੱਕ ਦੀ ਪ੍ਰਗਤੀ ਅਤੇ ਹਾਲ ਹੀ ਵਿੱਚ ਪੂਰੇ ਹੋਏ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਈ.ਐਮ.ਪੀ. ਵਰਤੋਂ ਸਰਟੀਫਿਕੇਟ ਵੀ ਸਬੰਧਤ ਅਥਾਰਟੀ ਨੂੰ ਸੌਂਪਿਆ ਜਾਵੇ ਜਦੋਂ ਕਿ ਲੀਡ ਫੰਡ ਨੂੰ ਸਮੇਂ ਸਿਰ ਖਰਚ ਕੀਤਾ ਜਾਵੇ। ਅਧਿਕਾਰੀਆਂ ਨੇ ਦੱਸਿਆ ਕਿ ਇਸ ਤਹਿਤ 158.47 ਲੱਖ ਰੁਪਏ ਦੇ ਫੰਡ ਮਨਜ਼ੂਰ ਕੀਤੇ ਗਏ ਹਨ, ਜਿਸ ਵਿੱਚੋਂ 54.45 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਜਦੋਂ ਕਿ ਬਾਕੀ ਕੰਮ ਪ੍ਰਗਤੀ ਅਧੀਨ ਹਨ। ਸਬੰਧਤ ਅਧਿਕਾਰੀਆਂ ਨੂੰ ਲਾਭਪਾਤਰੀਆਂ ਦੀ ਸਹੂਲਤ ਲਈ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਬੁਢਾਪਾ, ਵਿਧਵਾ, ਅਪਾਹਜ ਅਤੇ ਪਰਿਵਾਰਕ ਲਾਭ ਯੋਜਨਾਵਾਂ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ। ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਤਹਿਤ ਜ਼ਿਲ੍ਹੇ ਵਿੱਚ 637 ਯੋਗ ਲਾਭਪਾਤਰੀਆਂ ਦੀ ਪਛਾਣ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ 508 ਲਾਭਪਾਤਰੀਆਂ ਨੂੰ ਵੰਡਿਆ ਗਿਆ ਹੈ। ਸੰਸਦ ਮੈਂਬਰ ਨੇ ਮਨਰੇਗਾ ਅਧੀਨ ਪਿੰਡਾਂ ਵਿੱਚ ਵੱਧ ਤੋਂ ਵੱਧ ਵਿਕਾਸ ਕਾਰਜਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕੁੱਲ 211 ਲਾਭਪਾਤਰੀਆਂ ਨੂੰ ਪਹਿਲੀ ਕਿਸ਼ਤ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਤਹਿਤ 183 ਲਾਭਪਾਤਰੀਆਂ ਨੂੰ ਪਹਿਲੀ ਕਿਸ਼ਤ ਦਿੱਤੀ ਗਈ ਹੈ। ਸੰਸਦ ਮੈਂਬਰ ਨੇ ਬੇਟੀ ਬਚਾਓ, ਬੇਟੀ ਪੜ੍ਹਾਓ, ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਅਤੇ ਹੋਰ ਯੋਜਨਾਵਾਂ ਅਧੀਨ ਪ੍ਰਗਤੀ ਬਾਰੇ ਵੀ ਚਰਚਾ ਕੀਤੀ।

ਸੰਜੀਵਨੀ

ਸੱਜਣਾ ਨੇ ਮੁੱਖ ਮੋੜ ਲਿਆ ,
ਤਨ ਮਨ ਨੂੰ ਜੁਦਾਈ ਖਾ ਗਈ ।
ਸਿਵਿਆਂ ਦੀ ਚੁੱਪ ਵਰਗੀ ,
ਸਾਡੇ ਦਿਲ 'ਚ ਵਿਰਾਨੀ ਛਾ ਗਈ।
ਜਿੰਦ ਮਰ ਮੁੱਕ ਹੀ ਜਾਂਦੀ ,
ਫੇਸਬੁੱਕ ਦਾ ਸਹਾਰਾ ਨਾ ਜੇ ਲੈਂਦੇ ;
ਪੜ੍ਹ ਪੜ੍ਹ ਦਿਨ ਕਟਦੇ ਆਂ ,
ਸਾਨੂੰ ਰੁਲਦੂ ਦੀ ਕਵਿਤਾ ਬਚਾ ਗਈ।

ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

ਪਲੇਠੀ ਬਾਰਸ਼ ਜੇਠ ਦੀ

ਜੇਠ ਹਾੜ ਦੀ,ਕਿਹਨੂੰ ਭੁੱਲੀ ਏ ਗਰਮੀ!

ਅੱਜ ਸ਼ਾਮ ਨੂੰ ਨਿਹਾਰੀ ਸੀ ਆਪਾਂ ਨਰਮੀ,

ਜਾਲੀ ਵਿੱਚੋਂ ਛਿੱਟਾ ਪਿਆ ਸੀ ਫੁਹਾਰ ਦਾ!

ਵੇਖਿਆ ਸੀ ਨਜ਼ਾਰਾ,ਜੇਠ ਦੀ ਬਹਾਰ ਦਾ!

ਏ.ਸੀ.ਕੂਲਰ,ਪੱਖੇ ਸਭ ਬੇਵਸ ਹੋਏ ਸੀ!

ਚਿੜੀ ਜਨੌਰ ਜੀਅ ਜੰਤ ਵੀ ਰੋਏ ਸੀ!

ਸੁਣੀ ਸੀ ਪੁਕਾਰ ਰਹਿਮਤਾਂ ਦੇ ਦਾਤੇ ਨੇ!

ਵਰ੍ਹਦੀ ਅੱਗ,ਉੱਤੇ ਬੱਦਲ ਬਰਸਾਤੇ ਨੇ!

ਬਰਫਾਂ ਲੱਸੀਆਂ ਠੰਡਿਆਈਆਂ ਵੀ ਮੁੱਕੀਆਂ!

ਡੋਬਣ ਜਹਾਜ ਜ਼ੋ,ਉਹ ਨਦੀਆਂ ਵੀ ਸੁੱਕੀਆਂ!

ਦੱਸਣ ਵਿਗਿਆਨੀ,ਮੁੱਕ ਜਾਣਾ ਪਾਣੀ ਜੀ!

ਓਸ ਦਾਤੇ ਦੀ, ਕੋਈ ਨਾ ਸਮਝੇ ਕਹਾਣੀ ਜੀ!

ਐਨਾ ਡੂੰਘੇ ਨਾ ਜਾਵੀਂ, ਏਸ ਤਾਣੇ ਬਾਣੇ ਦੇ!

ਸਿੱਧੂਆਂ ਤੂੰ ਸਿੱਧਾ,ਰੰਗ ਵੇਖ ਰੱਬ ਦੇ ਭਾਣੇ ਨੇ!

ਜਗਦੀਪ ਸਿੰਘ

ਗਰਭ-ਜੂਨ

ਸੱਭੇ ਵਿਅਰਥ ਕਿਤਾਬਚੇ,
ਬੇਮਤਲਬ. ਬਿਨ ਗਿਆਨ।
ਵੇਲ਼ੇ ਦੀ ਕੀਮਤ ਗਈ,
ਸਿਆਹੀ ਦਾ ਨੁਕਸਾਨ।

ਮੱਕਾ ਨੇੜੇ ਆ ਗਿਆ,
ਹਾਜੀ ਪਾਉਂਦੇ ਸ਼ੋਰ।
ਮੈਂ ਰਾਹਾਂ ਵਿੱਚ ਭਟਕਦੀ,
ਨੈਣਾਂ ਤੋਂ ਕਮਜ਼ੋਰ।

ਜਿਸ ਦੀ ਇੱਕ ਨੁਹਾਰ ਦੀ,
ਸਦੀਆਂ ਤੋਂ ਹੈ ਭਾਲ਼।
ਖ਼ਬਰੇ ਮੇਰੇ ਚਿੱਤ ਦੀ,
ਓਹੀ ਕਰੇ ਸੰਭਾਲ਼।

ਰੋਸ਼ਨੀਆਂ ਦੀ ਪੰਡ ਸਾਂ,
ਗਈ ਹਨੇਰੇ ਡੁੱਲ੍ਹ।
ਚੰਮ ਤਾਂ ਢੇਰੀ ਖ਼ਾਕ ਦੀ,
ਕੀ ਹੱਡਾਂ ਦੇ ਮੁੱਲ?

ਰੰਗ ਦੀ ਚੁਲ਼ੀ ਡੋਲ੍ਹ ਕੇ,
ਰੂਹ ਮੇਰੀ ਨੂੰ ਰੰਗ।
ਮੈਂ ਤਾਂ ਪੱਤੀ ਫੁੱਲ ਦੀ,
ਲੋਕੀਂ ਆਖਣ ਸੰਗ।

ਹਿੰਦੂ, ਮੁਸਲਿਮ ਦੋ ਜਣੇ,
ਇੱਕ ਦਰਗਾਹੇ ਢਹਿਣ।
ਜਾਣ ਖਿਡੌਣਾ ਰੱਬ ਨੂੰ,
ਆਪਣਾ-ਆਪਣਾ ਕਹਿਣ।

ਵਿੱਚ ਮਜੀਠ, ਕਸੁੰਭੜੇ,
ਸਿਰਫ਼ ਵਫ਼ਾ ਦਾ ਭੇਦ।
ਰੌਲ਼ਾ ਪਾਵੇ ਮਸਨਵੀ,
ਚੀਕਾਂ ਮਾਰਨ ਵੇਦ।

ਦੱਸ ਵੇ, ਮਨਾ! ਚਲੰਤਿਆ,
ਕਿੱਥੇ ਤੇਰੀ ਠਹਿਰ?
ਦੋ ਘੜੀਆਂ ਤੂੰ ਇਸ ਜਗ੍ਹਾ,
ਦੋ ਪਲ ਅਗਲੇ ਸ਼ਹਿਰ।

ਛੱਡ ਕੇ ਨੀਂਦਾਂ ਗੂੜ੍ਹੀਆਂ,
ਜਾਗ, ਵੇ ਝੱਲਿਆ ਜਾਗ।
ਇੱਕੇ ਤੱਕੜੀ ਤੁੱਲਦੇ,
ਖੁਸ਼ੀਆਂ ਅਤੇ ਵਿਰਾਗ।

ਪਾਣੀ, ਅੰਨ ਤਿਆਗ ਕੇ,
ਬਿਰਤ ਨ ਹੋਵਈ ਪਾਕਿ।
ਏਡਾ ਨਹੀਂ ਸੁਖਾਲੜਾ,
ਉਸ ਡਾਢੇ ਨਾਲ਼ ਸਾਕ।

ਵਿਛੜਨ ਦੇ ਰਾਹ ਪੈ ਗਏ,
ਇਕ-ਦੋ ਦਮ ਦੀ ਖੇਡ।
ਲੁਕ-ਲੁਕ ਖੇਡਾਂ ਖੇਡਦੀ,
ਹੋਣੀ ਸਾਹਿਬ ਜੇਡ।

ਤੇਰਾ ਜੋ ਵੀ ਬਖ਼ਸ਼ਿਆ,
ਲੈ ਲਾ ਸਹਿਜ ਸੁਭਾਅ।
ਅੜਿਆ! ਮੈਨੂੰ ਫਿਰ ਕਦੇ,
ਗਰਭ-ਜੂਨ ਨਾ ਪਾ।

ਰਿਤੂ ਵਾਸੁਦੇਵ

ਸ਼ਹਾਦਤ ਦੇ ਰੰਗ

ਖੂਨ ਡੋਲਣ ਤੋਂ ਬਿਨਾਂ, ਸ਼ਹਾਦਤਾਂ ਦੇ ਰੰਗ ਗਾੜੇ ਨਹੀਂ ਹੁੰਦੇ
ਮੰਤਵ ਹੁੰਦੇ ਨੇ ਚੰਗੇ ਮਾੜੇ, ਸ਼ਸਤਰ ਕਦੇ ਮਾੜੇ ਨਹੀਂ ਹੁੰਦੇ

ਸ਼ਬਦ ਲਪੇਟ ਕੇ ਸਾਫ਼ੇ ਦੇ ਵਿੱਚ, ਸਿਰ ਤੇ ਨੇ ਜੋ ਬੰਨ੍ਹ ਲੈਂਦੇ
ਉਹਨਾਂ ਲਈ ਫ਼ਿਰ ਚੰਗੇ ਮਾੜੇ ਕੋਈ ਦਿਹਾੜੇ ਨਹੀਂ ਹੁੰਦੇ

ਤੇਰੀ ਸੁਰਤਿ ਦਾ ਚੇਤਾ ਕਰ ਕੇ,ਸੁਰਤੀ ਜੋ ਵੀ ਲਾਉਂਦੇ ਨੇ
ਉਹਨਾਂ ਨੂੰ ਫ਼ਿਰ ਦੁਨੀਆਂ ਅੰਦਰ ਕਿਸੇ ਤੋਂ ਵੀ ਸਾੜੇ ਨਹੀਂ ਹੁੰਦੇ

ਜਿਸ ਦੇ ਵੱਲ ਕਾਦਰ ਹੋ ਜਾਵੇ, ਤਾਂ ਖੁੱਲ ਜਾਂਦੇ ਕਿਸਮਤ ਦੇ ਦਰ
ਫਿਰ ਨਸੀਬ ਵਿੱਚ ਓਹਨਾਂ ਦੇ, ਕੋਈ ਪਾੜੇ ਨਹੀਂ ਹੁੰਦੇ

ਸ਼ਬਦ ਹੀ ਨੇ ਜਦ ਯਾਰ ਦੀ ਜੂਹ ਤੇ ਆਣ ਬਿਠਾ ਦਿੰਦੇ
ਫੇਰ ਕਿਸੇ ਬੰਦੇ ਦੇ ਮੂਹਰੇ ਓਹ ਕੱਢਦੇ ਹਾੜੇ ਨਹੀਂ ਹੁੰਦੇ

ਦਰ ਤੇਰੇ ਤੇ 'ਜੀਤ' ਦੀ ਆ ਕੇ, ਢਹਿ ਜਾਵੇ ਕੰਧ ਇੱਛਾਵਾਂ ਦੀ
ਫਿਰ ਮਨ ਦੀ ਭਟਕਣ ਤੋੜਨ ਦੇ ਲਈ ਕੋਈ ਅਖਾੜੇ ਨਹੀਂ ਹੁੰਦੇ

ਕੁਲਜੀਤ ਕੌਰ 'ਜੀਤ'
ਗੁਰੂ ਨਾਨਕ ਨਗਰ
ਪਟਿਆਲਾ 98729 83914



ਖਾਦਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ

ਸ਼ਹਿਦ ਇਹ ਅਖਾਣ ਅਜੋਕੇ ਸਮੇਂ ਪੰਜਾਬ ਦੇ ਹਲਾਤਾਂ ਲਈ ਬਣਿਆ ਹੈ ਜਾਂ ਇੰਝ ਕਹਿ ਲਵੋ ਕਿ ਇਸ ਤੋਂ ਵਧੀਆ ਅਖਾਣ ਪੰਜਾਬ ਦੇ ਅਜੋਕੇ ਹਲਾਤਾਂ ਦੀ ਤਰਜਮਾਨੀ ਬਿਆਨ ਨਹੀਂ ਕਰ ਸਕਦਾ। ਇਕ ਸਮਾਂ ਸੀ ਲੋਕ ਅਹਿਮਦਸ਼ਾਹ ਦੇ ਅਤਿਆਚਾਰਾਂ ਤੋਂ ਇਨ੍ਹਾਂ ਦੁਖੀ ਹੋਏ ਕਿ ਉਨ੍ਹਾਂ ਨੂੰ ਸਮਝ ਨਹੀ ਆਉਂਦਾ ਸੀ ਕਿ ਅਹਿਮਦਸ਼ਾਹ ਵਰਗੇ ਧਾੜਵੀ ਦੀਆਂ ਫੌਜਾਂ ਕਦੋਂ ਉਨ੍ਹਾਂ ਨੂੰ ਲੁੱਟਣ ਪੈ ਜਾਂਦੀਆਂ ਕੁਝ ਸਮਝ ਨਾ ਆਉਂਦਾ ਅਹਿਮਦਸ਼ਾਹ ਦੇ ਅਤਿਆਚਾਰਾਂ ਤੋਂ ਤੰਗ ਲੋਕਾਂ ਵੱਲੋਂ ਕਿਰਤ ਕਮਾਈ ਕਰਕੇ ਜੋਂ ਵੀ ਬਣਾਇਆ ਹੁੰਦਾ ਉਸ ਨੂੰ ਖਾਣ ਹੰਢਾਉਣ ਦੀ ਕਰਦੇ। ਲੋਕ ਅਕਸਰ ਇਕ ਦੂਜੇ ਨੂੰ ਮੁਖ਼ਾਤਿਬ ਹੁੰਦਿਆਂ ਆਖਿਆ ਕਰਦੇ ਹਾਂ ਭਾਈ ਹੁਣ ਤਾਂ ਅਜਿਹੇ ਹਾਲਾਤ ਹਨ ਕਿ ਖਾਦਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ ਜੇਕਰ ਅਜੋਕੇ ਹਲਾਤਾਂ ਨੂੰ ਦੇਖਦਿਆਂ ਜਾਵੇ ਤਾਂ ਪੰਜਾਬ ਦੀ ਅਫ਼ਸਰਸ਼ਾਹੀ ਲੋਕਤੰਤਰ ਲਈ ਬਣਦੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਦਿਖਾਈ ਦੇ ਰਹੀ ਹੈ। ਜੇਕਰ ਕੁਰਪਸ਼ਨ ਦੀ ਗੱਲ ਕਰੀਏ ਤਾਂ ਚੰਗੇ ਕਿਰਦਾਰ ਵਾਲੇ ਵਿਰਲੇ ਅਫਸਰਾਂ ਨੂੰ ਛੱਡ ਕੇ ਬਾਕੀ ਜ਼ਿਆਦਾ ਤਾਂ ਲੋਕਾਂ ਦਾ ਖ਼ੂਨ ਚੂਸਦੇ ਦਿਖਾਈ ਦਿੰਦੇ ਹਨ। ਦਫ਼ਤਰਾਂ ਵਿਚ ਕੰਮ ਕਰਵਾਉਣ ਲਈ ਲੋਕ ਸ਼ਰੇਆਮ ਫਾਇਲਾਂ ਨੂੰ ਚਾਂਦੀ ਦਾ ਵਰਕ ਚੜਾਉਂਦੇ ਦਿਖਾਈ ਦੇ ਰਹੇ ਹਨ । ਜਿਥੋਂ ਤੱਕ ਪੰਜਾਬ ਸਰਕਾਰ ਦੀ ਬੇਵਸੀ ਹੈ ਉਹ ਜਗ ਜ਼ਾਹਿਰ ਹੋ ਚੁੱਕੀ ਹੈ। ਇਥੇ ਹਰ ਕੋਈ ਇਕ ਦੂਜੇ ਦੀ ਕਠਪੁਤਲੀ ਨਜ਼ਰ ਆ ਰਿਹਾ ਹੈ। ਲੋਕ ਤੰਤਰ ਦਾ ਜਿਵੇਂ ਕਿਸੇ ਨੂੰ ਕੋਈ ਫ਼ਿਕਰ ਨਾ ਹੋਵੇ। ਅਜੋਕੇ ਹਲਾਤਾਂ ਵਿੱਚ ਦਿਨੋ ਦਿਨ ਦੇਸ਼ ਦੀ ਕਮਾਨ ਪੂਜੀ ਪਤੀਆਂ ਦੇ ਹੱਥਾਂ ਵਿਚ ਜਾਂਦੀ ਦਿਖਾਈ ਦੇ ਰਹੀ ਹੈ। ਹਰ ਅਦਾਰੇ ਨੂੰ ਨਿਜੀਕਰਨ ਦੀ ਪਾਨ ਚੜਦੀ ਜਾ ਰਹੀ ਹੈ ਤੇ ਲੋਕ ਤੰਤਰ ਬੇ ਵੱਸ ਮੂਕ ਦਰਸ਼ਕ ਦੀ ਭੂਮਿਕਾ ਨਿਭਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕਿਸਾਨ, ਮਜ਼ਦੂਰ, ਵਿਉਪਾਰੀ, ਬੇਰੋਜ਼ਗਾਰ ਸਭ ਸੰਘਰਸ਼ ਦੇ ਰਾਹ ਤੇ ਦਿਖਾਈ ਦੇ ਰਹੇ ਹਨ ਰਾਹਤ ਕਿਤੇ ਨਜ਼ਰ ਨਹੀਂ ਆ ਰਹੀ। ਸਰਕਾਰ ਵੱਲੋਂ ਬਿਜਲੀ ਵਿਭਾਗ,ਸਕੂਲਾਂ, ਕਾਲਜਾਂ, ਯੂਨੀਵਰਸਿਟੀ, ਹਸਪਤਾਲ, ਏਅਰਪੋਰਟ, ਟਰਾਂਸਪੋਰਟ, ਗੱਲ ਕੀ ਹਰ ਖਿਤੇ ਦਾ ਨਿਜੀਕਰਨ ਕੀਤਾ ਜਾ ਰਿਹਾ ਹੈ । ਇਸ ਲਈ ਉਪਜਾਊ ਜ਼ਮੀਨਾਂ ਦਾ ਅਕਵਾਇਰ ਹੋਣਾ ਵੀ ਲਾਜ਼ਮੀ ਹੈ। ਬਹੁਤਾਤ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਘਟਣ ਕਾਰਨ ਉਨ੍ਹਾਂ ਨੂੰ ਜਾ ਤਾਂ ਜ਼ਿੰਦਾ ਲਗਾ ਦਿੱਤਾ ਗਿਆ ਜਾਂ ਦੂਜੇ ਸਕੂਲਾਂ ਵਿਚ ਉਨ੍ਹਾਂ ਦਾ ਰਲੇਵਾਂ ਹੋ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਕੀਤੇ ਜਾ ਰਹੇ ਹਨ ਜੋ ਨਸ਼ਿਆਂ ਦੇ ਮੁੱਦੇ ਤੇ ਚਿੱਟਾ ਹਾਥੀ ਵਧ ਸਾਬਤ ਹੋ ਰਹੇ ਹਨ। ਕਨੂੰਨ ਵਿਵਸਥਾ ਗਿਰਾਵਟ ਵੱਲ ਵਧ ਰਹੀ ਹੈ। ਨਸ਼ਿਆਂ ਦਾ ਬੋਲਬਾਲਾ ਹੈ, ਲੁਟਮਾਰ, ਚੋਰੀ, ਗੁੰਡਾਗਰਦੀ, ਬੁਰਛਾਗਰਦੀ, ਬਲਾਤਕਾਰ, ਗੱਲ ਕੀ ਹਰ ਪਾਸੇ ਜੁਰਮ ਵਧ ਫੁੱਲ ਰਿਹਾ ਹੈ। ਥਾਣਿਆਂ ਸਮੇਤ ਹੋਰ ਅਦਾਰਿਆਂ ਵਿੱਚ ਮੁਲਾਜ਼ਮਾਂ ਦੀ ਭਾਰੀ ਘਾਟ ਹੈ। ਈ ਸਟੈਂਪ, ਆਰਸੀ, ਡਰਾਇਵਿੰਗ ਲਾਇਸੰਸ ਨੂੰ ਲੈ ਕੇ ਲੋਕ ਬਹੁਤ ਬੁਰੀ ਸਥਿਤੀ ਵਿਚ ਹਨ। ਆਰਸੀ ਜਾਂ ਲਾਇਸੰਸ ਮਿਲਣ ਤੇ ਲੋਕ ਦਿਵਾਲੀ ਦੇ ਤਿਉਹਾਰ ਵਾਂਗ ਮਹਿਸੂਸ ਕਰਦੇ ਹਨ ਜਿਸ ਦੀ ਆਰਸੀ ਜਾਂ ਲਾਇਸੰਸ ਪ੍ਰਿੰਟ ਹੋ ਕੇ ਘਰ ਪੁੱਜਦਾ ਹੈ ਉਹ ਤਾਂ ਲਾਟਰੀ ਨਿਕਲਣ ਵਾਂਗ ਮਹਿਸੂਸ ਕਰਦਾ ਹੈ। ਬੱਸਾਂ ਵਿਚ ਲੇਡੀਜ਼ ਲਈ ਫ੍ਰੀ ਸਫ਼ਰ ਨੇ ਟਰਾਂਸਪੋਰਟ ਵਿਭਾਗ ਦਾ ਦਿਵਾਲਾ ਕੱਢਣ ਵਿੱਚ ਕੋਈ ਕਸਰ ਨਹੀਂ ਛੱਡੀ। ਦਿਨੋਂ ਦਿਨ ਕੰਗਾਲੀ ਦੀ ਹਲਾਤ ਵਿੱਚ ਮੁਫ਼ਤ ਦੀਆਂ ਸਹੂਲਤਾਂ ਅਰਥ ਵਿਵਸਥਾ ਲਈ ਬੇੜੀ ਵਿੱਚ ਛੇਕ ਵਾਂਗੂੰ ਸਾਬਤ ਹੋ ਰਹੀਆਂ ਹਨ। ਇੰਨੇ ਗੰਭੀਰ ਹਲਾਤਾਂ ਵਿੱਚ ਇਨ੍ਹਾਂ ਜਟਲ ਸਮੱਸਿਆਵਾਂ ਨਾਲ ਨਜਿੱਠਣ ਜਾ ਉਨ੍ਹਾਂ ਲਈ ਚਿੰਤਨ ਕਰਨ ਦੀ ਬਜਾਏ ਦੇਸ਼ ਦੀ ਰਾਜਨੀਤੀ ਜੁਮਲੇ ਸੁਣਾ ਕੇ ਵਖ਼ਤ ਲੰਘਾਉਂਦੀ ਨਜ਼ਰ ਆ ਰਹੀ ਹੈ। ਲੋਕਾਂ ਨੂੰ ਰੋਟੀ ਦੇ ਲਾਲੇ ਪਏ ਹਨ ਬੇਰੁਜ਼ਗਾਰੀ ਚਰਮ ਸੀਮਾ ਤੇ ਹੈ। ਅਜਿਹੇ ਹਾਲਾਤ ਵਿਚ ਸਭ ਰਾਮ ਭਰੋਸੇ ਨਜ਼ਰ ਆ ਰਿਹਾ ਹੈ। ਰਾਤ ਦਿਨ ਦੀ ਮਿਹਨਤ ਤੋਂ ਬਾਅਦ ਪਿਸਦੀ ਜਾ ਰਹੀ ਜਨਤਾਂ ਤਾਂ ਇਹੀ ਸੋਚਣ ਲਈ ਮਜਬੂਰ ਹੈ ਖਾਂਦਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ।

ਹਰਜਿੰਦਰ ਸਿੰਘ ਚੰਦੀ
ਮਹਿਤਪੁਰ

ਸਤਿਕਾਰਯੋਗ ਮਾਤਾ ਗੁਰੋ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ

ਬੰਗਾ (ਚਰਨਜੀਤ ਸੱਲ੍ਹਾਂ) ਸਤਿਕਾਰਯੋਗ ਮਾਤਾ ਗੁਰੋ ਜੀ ਜਿਹੜੀ ਹਰਮੇਸ਼ ਵਿਰਦੀ ਅਤੇ ਪ੍ਰਿੰਸੀਪਲ ਸੰਤ ਰਾਮ ਵਿਰਦੀ ਜੀ ਦੇ ਮਾਤਾ ਜੀ ਸਨ ਜਿਨ੍ਹਾਂ ਨੇ ਆਪਣੇ ਦੋਵਾਂ ਸਪੁੱਤਰਾਂ ਨੂੰ ਬਹੁਤ ਸਖ਼ਤ ਮਿਹਨਤ ਨਾਲ ਪਾਲਿਆ ਸੀ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਲਹਿਰ ਦੇ ਹਾਣੀ ਬਣਾਇਆ ਸੀ। ਉਹ ਪਿਛਲੇ ਦਿਨੀਂ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਸਨ ਅੱਜ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਜਦੋਂ ਕਿ ਉਸ ਦੇ ਦੋਵੇਂ ਪੁੱਤਰ ਇਸ ਦੁਨੀਆਂ ਵਿੱਚ ਨਹੀਂ ਰਹੇ ਸਨ। ਉਨ੍ਹਾਂ ਦੇ ਘਰਦਿਆਂ ਦੇ ਬਰਲਾਪ ਨਹੀਂ ਸੁਣ ਹੁੰਦੇ ਸਨ। ਮਾਤਾ ਗੁਰੋ ਜੀ ਦੀ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਪਿੰਡ ਪੱਦੀਮੱਟ ਵਾਲੀ ਵਿਖੇ 31-05-2025 ਨੂੰ ਦੁਪਹਿਰ 1 ਵਜੇ ਪਾਇਆ ਜਾ ਰਿਹਾ ਹੈ। ਇਸ ਮੌਕੇ ਤੇ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ, ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ, ਪਰਮਜੀਤ ਮਹਿਰਮ ਪੁਰ ਬਸਪਾ ਆਗੂ, ਦਿਨੇਸ਼ ਕੁਮਾਰ ਕਰੀਹਾ, ਪੱਤਰਕਾਰ ਸੁਰਜੀਤ ਮਜਾਰੀ ਅਤੇ ਹੋਰ ਕਈ ਪੱਤਵੰਤੇ ਸੱਜਣ, ਰਿਸ਼ਤੇਦਾਰ ਮਾਤਾ ਗੁਰੋ ਜੀ ਦੀਆਂ ਨੂੰਹਾਂ ਪੋਤਰੇ ਹਾਜ਼ਰ ਸਨ।

ਸ਼ਿਵ ਸੈਨਾ ਪੰਜਾਬ ਨੇ ਸੜਕ ਤੇ ਓਵਰਲੋਡ ਬਜਰੀ ਰੇਤੇ ਅਤੇ ਪੱਥਰ ਦੇ ਟਿੱਪਰਾਂ ਦੀ ਆਵਾਜਾਈ ਸਬੰਧੀ ਐਸ ਐਸ ਪੀ ਹੁਸ਼ਿਆਰਪੁਰ ਨੂੰ ਮੰਗ ਪੱਤਰ

ਬੰਗਾ (ਚਰਨਜੀਤ ਸੱਲਾਂ) ਪੁਲਿਸ ਦੇ ਹੁਕਮਾਂ ਅਨੁਸਾਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਸਵੇਰੇ 6:00 ਤੋਂ ਸ਼ਾਮ 9:00 ਵਜੇ ਤੱਕ ਓਵਰਲੋਡ ਟਰੱਕ ਅਤੇ ਟਿੱਪਰਾਂ ਦੀ ਆਵਾਜਾਈ ਤੇ ਪਾਬੰਦੀ ਹੈ। ਇਸਦੇ ਬਾਵਜੂਦ ਹੁਕਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆ ਹਨ ਅਤੇ ਟਿੱਪਰ ਬੇਖੌਫ ਹੋ ਕੇ 6:00 ਤੋਂ 9:00 ਵਜੇ ਵਿੱਚ ਵੀ ਸੜਕਾਂ ਤੇ ਲੋਢ ਲੈ ਕੇ ਭੀੜ ਵਾਲੇ ਬਜ਼ਾਰਾਂ ਵਿੱਚ ਇਹ ਆਮ ਘੁੰਮਦੇ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪ੍ਰਸ਼ੋਤਮ ਬੰਗਾ ਸੂਬਾ ਪ੍ਰਧਾਨ ਸ਼ਿਵ ਸੈਨਾ ਪੰਜਾਬ (ਐਸ ਸੀ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਇਸ ਕਾਰਨ ਕਈ ਵਾਰ ਸੜਕ ਦੁਰਘਟਨਾਵਾਂ ਵੀ ਆਮ ਹੋ ਜਾਂਦੀਆਂ ਹਨ ਅਤੇ ਕਈਆਂ ਵਿਅਕਤੀਆਂ ਦੀਆਂ ਮੌਤਾਂ ਵੀ ਹੋ ਰਹੀਆਂ ਹਨ। ਪ੍ਰਸ਼ੋਤਮ ਬੰਗਾ ਨੇ ਦੱਸਿਆ ਕਿ ਮਾਹਿਲਪੁਰ ਤੋਂ ਜੇਜੋਂ ਨੂੰ ਜਾਂਦੀ ਸੜਕ ਤੇ ਦਿਨ ਵੇਲੇ ਹਰ ਸਮੇਂ ਸਾਰਾ ਦਿਨ ਸੜਕ ਤੇ ਬਜਰੀ ਅਤੇ ਰੇਤੇ ਦੇ ਓਵਰਲੋਡ ਟਰੱਕ ਅਤੇ ਉਹਨਾਂ ਦਾ ਸਟਾਫ ਧੱਕੇ ਨਾਲ ਸਾਰਾ ਦਿਨ ਆਪਣੀ ਮਨ ਮਰਜ਼ੀ ਨਾਲ ਰੋਡ ਉੱਤੇ ਟਿੱਪਰ ਲੰਘਾਉਂਦੇ ਹਨ। ਜੇਜੋਂ ਕਸਬੇ ਦੇ ਕੋਲ ਕਈ ਕਰੈਸ਼ਰ ਇਸ ਨਜਾਇਜ ਧੰਦੇ ਵਿੱਚ ਕੰਮ ਕਰਦੇ ਹਨ। ਇਸੇ ਤਰ੍ਹਾਂ ਗੜ੍ਹਸ਼ੰਕਰ ਤੋਂ ਨੰਗਲ ਰੋਡ ਤੇ ਬਜਰੀ, ਰੇਤੇ ਅਤੇ ਪੱਥਰ ਦੇ ਭਰੇ ਹੋਏ ਓਵਰਲੋਡ ਟਰੱਕ ਸਾਰਾ ਦਿਨ ਬਜ਼ਾਰ ਵਿੱਚ ਦੀ ਲੰਘਦੇ ਰਹਿੰਦੇ ਹਨ। ਉਹਨਾਂ ਦੱਸਿਆ ਕਿ ਗੜ੍ਹਸੰਕਰ ਡੀ.ਐਸ.ਪੀ ਸਾਹਿਬ ਨੇ ਕਈ ਜਗ੍ਹਾ ਤੇ ਆਪਣੇ ਹੁਕਮਾਂ ਦੀਆਂ ਫਲੈਕਸਾਂ ਵੀ ਲਗਾਈਆ ਹਨ, ਜਿਸ ਉੱਤੇ ਲਿਖਿਆ ਹੈ ਕਿ ਸਵੇਰੇ 6 ਵਜੇ ਤੋਂ ਸ਼ਾਮ 9 ਵਜੇ ਤੱਕ ਗੜ੍ਹਸ਼ੰਕਰ ਤੋਂ ਨੰਗਲ ਰੋਡ ਤੇ ਟਰਾਲੇ ਤੇ ਟਿੱਪਰਾਂ ਦਾ ਆਉਣਾ ਜਾਣਾ ਮਨ੍ਹਾਂ ਹੈ। ਫਿਰ ਵੀ ਇਹ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਧੱਕੇ ਨਾਲ ਸਾਰਾ ਦਿਨ ਟਰੱਕ ਲੰਘਾਉਦੇ ਰਹਿੰਦੇ ਹਨ ਅਤੇ ਇਸ ਰੋਡ ਤੇ ਕਈ ਕਰੈਸ਼ਰ ਲੱਗੇ ਹੋਏ ਹਨ। ਜੇਕਰ ਇਨ੍ਹਾਂ ਨੂੰ ਕੋਈ ਰੋਕਦਾ ਹੈ ਤਾਂ ਲੜਾਈ ਝਗੜਾ ਅਤੇ ਮਾਰ-ਕੁਟਾਈ ਕਰਨ ਤੱਕ ਆ ਜਾਂਦੇ ਹਨ। ਇਸ ਲਈ ਸ਼ਿਵ ਸੈਨਾ ਪੰਜਾਬ ਇਸਦਾ ਸਖਤ ਸ਼ਬਦਾਂ ਵਿੱਚ ਵਿਰੋਧ ਕਰਦੀ ਹੈ। ਇਸ ਮੌਕੇ ਉਨ੍ਹਾਂ ਅਤੇ ਉਸਦੇ ਸਾਥੀਆਂ ਨੇ ਜ਼ਿਲ੍ਹਾ ਐਸ ਐਸ ਪੀ ਹੁਸ਼ਿਆਰਪੁਰ ਦੇ ਨਾਮ ਇੱਕ ਮੰਗ ਪੱਤਰ ਦਿੱਤਾ। ਜਿਸ ਨੂੰ ਮੈਡਮ ਨਵਨੀਤ ਕੌਰ ਪੀਪੀਐਸ ਕਪਤਾਨ ਪੁਲਿਸ ਸਥਾਨਕ ਨੇ ਪ੍ਰਾਪਤ ਕੀਤਾ। ਇਸ ਮੌਕੇ ਪ੍ਰਸ਼ੋਤਮ ਬੰਗਾ ਸੂਬਾ ਪ੍ਰਧਾਨ ਸ਼ਿਵ ਸੈਨਾ ਪੰਜਾਬ (ਐਸ ਸੀ), ਜਗਮੋਹਨ ਸਿੰਘ ਜੱਗੀ, ਕੁਲਵਿੰਦਰ ਸਿੰਘ, ਰਾਮ ਪਾਲ ਆਦਿ ਵੀ ਹਾਜ਼ਰ ਸਨ।

ਪਿੰਡ ਖੋਜਕੀਪੁਰ ਕੁਸ਼ਤੀਆਂ ਦੇ ਮੁਕਾਬਲੇ ਵਿੱਚ ਇਨਾਮ ਵੰਡ ਕੀਤਾ:ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ

ਆਦਮਪੁਰ (ਚਰਨਜੀਤ ਸੱਲ੍ਹਾਂ) ਪਿੰਡ ਖੋਜਕੀਪੁਰ ਵਿਧਾਨ ਸਭਾ ਹਲਕਾ ਆਦਮਪੁਰ ਦੇ ਵਿੱਚ ਕੁਸ਼ਤੀਆਂ ਦੇ ਪ੍ਰੋਗਰਾਮ ਸ਼ਾਮਿਲ ਹੋਏ ਇਸ ਮੌਕੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ, ਪਾਰਟੀ ਦੇ ਆਫਿਸ ਸੈਕਟਰੀ ਇੰਜੀਨੀਅਰ ਜਸਵੰਤ ਰਾਏ ਜੀ ਇਨਚਾਰਜ ਵਿਧਾਨ ਸਭਾ ਹਲਕਾ ਆਦਮਪੁਰ, ਜਿਲਾ ਕੋਆਰਡੀਨੇਟਰ ਇੰਚਾਰਜ ਵਿਧਾਨ ਸਭਾ ਹਲਕਾ ਆਦਮਪੁਰ ਸਰਦਾਰ ਬਲਦੇਵ ਸਿੰਘ ਜੀ ਵਿਧਾਨ ਸਭਾ ਹਲਕੇ ਦੇ ਪ੍ਰਧਾਨ ਹਰਜਿੰਦਰ ਬਿੱਲਾ ਜਨਰਲ ਸਕੱਤਰ ਸ਼ਖਿਵੰਦਰ ਚਖਿਆਰਾ ਜੀ ਮਨਜੀਤ ਸਿੰਘ ਵਿਚਇ ਪ੍ਰਧਾਨ ਵਿਧਾਨ ਸਭਾ ਹਲਕਾ ਆਦਮਪੁਰ ਤੋਂ ਇਲਾਵਾ ਮਾਸਟਰ ਰਾਮ ਲਵਾਇਆ ਜੀ ਪਾਰਟੀ ਦੇ ਸੀਨੀਅਰ ਆਗੂ ਅਤੇ ਬਾਬਾ ਲਖਬੀਰ ਲੱਖੀ ਜੀ ਪ੍ਰਬੰਧਕ ਅਤੇ ਅਤੇ ਬਾਬਾ ਬਲਵੰਤ ਡਿੰਗਰੀਆਂ ਵਾਲੇ ਵੀ ਹਾਜ਼ਰ ਸਨ।

ਸ਼੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਹਾਈ ਸਕੂਲ ਛੋਕਰਾਂ ਦੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਨਤੀਜਾ ਰਿਹਾ ਸ਼ਾਨਦਾਰ

ਫਿਲੌਰ/ਅੱਪਰਾ (ਦੀਪਾ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਦਾ ਸਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ । ਮੁੱਖ ਅਧਿਆਪਕ ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਵਾਰ ਸਕੂਲ ਦੇ ਵਿਦਿਆਰਥੀਆਂ ਵਲੋਂ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ । ਸਕੂਲ ਦੇ ਕੁੱਲ 15 ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਹਿੱਸਾ ਲਿਆ ਅਤੇ ਸਾਰੇ ਬੱਚੇ ਪਾਸ ਹਨ । ਯਾਚਨਾ ਸਪੁੱਤਰੀ ਸ਼੍ਰੀ ਪੰਕਜ ਨੇ 608/650 ,93.5% ਅੰਕ ਪ੍ਰਾਪਤ ਕਰ ਪਹਿਲਾਂ ਸਥਾਨ , ਗੁਰਲੀਨ ਸਿੰਘ ਬਾਸੀ ਸਪੁੱਤਰ ਸ਼੍ਰੀ ਸਰਬਜੀਤ ਸਿੰਘ ਬਾਸੀ 595 /650 ,91.5% ਅੰਕ ਪ੍ਰਾਪਤ ਕਰ ਦੂਜਾ ਸਥਾਨ ਅਤੇ ਸਾਗਰ ਸਪੁੱਤਰ ਸ਼੍ਰੀ ਹੈਪੀ ਨੇ 578/650, 89% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮੂਹ ਸਟਾਫ਼ ਵਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ।

ਅੱਤ ਦੀ ਗਰਮੀ ਦੇ ਕਹਿਰ ਕਾਰਨ ਸਮੁੱਚੇ ਸਕੂਲਾਂ ਦਾ ਸਮਾਂ 7 ਵਜੇ ਤੋਂ 11 ਵਜੇ ਤਕ ਕੀਤਾ ਜਾਵੇ -ਜੀ.ਐਸ.ਟੀ.ਯੂ.

ਫਿਲੌਰ/ਅੱਪਰਾ (ਦੀਪਾ)- ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੀ ਅਹਿਮ ਵਰਚੁਅਲ ਮੀਟਿੰਗ ਸੂਬਾ ਪ੍ਰਧਾਨ ਸੁਰਿੰਦਰ ਪੁਆਰੀ, ਕਾਰਜਕਾਰੀ ਸਕੱਤਰ ਫਿੰਦਰ ਪਾਇਲਟ,ਪਰਵੀਨ ਕੁਮਾਰ,ਵਿੱਤ ਸਕੱਤਰ ਨਵੀਨ ਕੁਮਾਰ ਸਚਦੇਵਾ,ਐਡੀਸ਼ਨਲ ਸਕੱਤਰ ਬਾਜ਼ ਸਿੰਘ ਭੁੱਲਰ,ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ,ਪਰਮਿੰਦਰ ਸਿੰਘ ਸੋਢੀ ਜਨਲ ਸਕੱਤਰ,ਰਾਜਬੀਰ ਸਿੰਘ ਢਿੱਲੋ ਸੀਨ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮਾੜੀਮੇਘਾ,ਨਰਿੰਦਰ ਨੂਰ ਜਗਮੋਹਨ ਸਿੰਘ, ਅਤੇ ਬਲਜੀਤ ਟੌਮ, ਜਸਪਾਲ ਸੰਧੂ, ਹਰਕਮਲ ਸਿੰਘ ਸੰਧੂ, ਬੂਟਾ ਮਸਾਣੀ, ਜਗਜੀਤ ਸਿੰਘ ਰੰਧਾਵਾ, ਨਰਿੰਦਰ ਸਿੰਘ ਸੰਘਾ ਦੀ ਪ੍ਰਧਾਨਗੀ ਹੇਠ ਹੋਈ ਇਸ ਦੌਰਾਨ ਆਗੂਆਂ ਨੇ ਸਰਕਾਰ ਕੋਲੋ ਪੁਰਜ਼ੋਰ ਮੰਗ ਕੀਤੀ ਕਿ ਪੰਜਾਬ 'ਚ ਇਸ ਵੇਲੇ ਅੱਤ ਦੀ ਗਰਮੀ ਪੈ ਰਹੀ ਹੈ।ਸਾਰੇ ਪੰਜਾਬ 'ਚ ਸਵੇਰੇ 11 ਵਜੇ ਤੋਂ ਬਾਅਦ ਹੀ ਗਰਮ ਲੂਆਂ ਚਲ ਰਹੀਆਂ ਹਨ ਅਤੇ ਪਿੰਡਾਂ ਵਿੱਚ ਰੋਜ਼ਾਨਾ ਸਵੇਰੇ ਬਿਜਲੀ ਦੀ ਸਪਲਾਈ ਬੰਦ ਹੋ ਜਾਂਦੀ ਹੈ। ਜਿਸ ਕਾਰਨ ਜਿੱਥੇ ਬੱਚਿਆਂ ਨੂੰ ਬੈਠਣ ਦੀ ਮੁਸ਼ਕਲ ਹੁੰਦੀ ਹੈ ਅਤੇ ਨਾਲ ਪੀਣਯੋਗ ਪਾਣੀ ਜਲਦੀ ਹੀ ਖ਼ਤਮ ਹੋ ਜਾਣ ਕਾਰਨ ਬੱਚਿਆਂ ਦੇ ਪੀਣ ਦਾ ਪਾਣੀ ਵੱਡੀ ਸਮੱਸਿਆ ਬਣ ਜਾਂਦੀ ਹੈ। ਜਿਸ ਕਾਰਨ ਛੋਟੇ ਬੱਚੇ ਵੱਡੀ ਗਿਣਤੀ ਵਿੱਚ ਬਿਮਾਰ ਹੋ ਰਹੇ ਹਨ।ਇਸ ਸਰਕਾਰ ਦਾ ਇਸ ਪਾਸੇ ਜ਼ਰੂਰੀ ਤੌਰ ਤੇ ਧਿਆਨ ਕਰਨਾ ਬਣਦਾ ਹੈ। ਇਸ ਲਈ ਮੌਸਮ ਦੇ ਇਸ ਗਰਮ ਮਿਜ਼ਾਜ਼ ਨੂੰ ਦੇਖਦੇ ਹੋਏ ਅਤੇ ਬੱਚਿਆਂ ਦੀ ਸਿਹਤ ਨੂੰ ਮੁੱਖ ਰਖਦੇ ਹੋਏ ਪੰਜਾਬ ਸਰਕਾਰ ਫੌਰੀ ਤੌਰ ਤੇ ਸਕੂਲਾਂ ਦਾ ਸਮਾ ਸਵੇਰੇ 7 ਵਜੇ ਤੋਂ 11 ਵਜੇ ਤਕ ਕਰੇ ਤਾਂ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

ਕਲਸੀ ਜਠੇਰਿਆਂ ਦਾ ਮੇਲਾ ਪਰਿਵਾਰ ਬਾਦ ਅਤੇ ਇਕੋ ਪਾਰਟੀ ਦਾ ਪ੍ਰੋਗਰਾਮ ਨਜ਼ਰ ਆ ਰਿਹਾ.. ਧਰਮ ਪਾਲ ਤਲਵੰਡੀ

ਬੰਗਾ (ਚਰਨਜੀਤ ਸੱਲ੍ਹਾਂ) ਕਲਸੀ ਜਠੇਰੇ ਤਲਵੰਡੀ ਜੱਟਾਂ ਵਿਖੇ ਆਪਣੇ ਵੱਡਿਆਂ ਵਡੇਰਿਆਂ ਦੀ ਯਾਦ ਵਿੱਚ ਜੋੜ ਮੇਲਾ ਕਰਵਾਇਆ ਗਿਆ ਜਿਸ ਵਿੱਚ ਵੱਖ ਵੱਖ ਕਲਾਕਾਰਾਂ ਨੇ ਪ੍ਰੋਗਰਾਮ ਪੇਸ਼ ਕੀਤਾ ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ ਸੰਗਤਾਂ ਵੱਲੋਂ ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ। ਆਰਿਸ਼ਕ੍ਰਿਮ, ਕੁਲਫੀਆਂ,ਕੋਲਡ ਡਰਿੰਕ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ। ਬੁਲਾਰਿਆਂ ਵਿੱਚ ਤਿਰਲੋਚਨ ਸਿੰਘ ਸੁੰਢ ਅਤੇ ਅੰਬੇਡਕਰ ਵਾਦੀ ਸੋਚ ਦੇ ਪਹਿਰੇਦਾਰ ਧਰਮ ਪਾਲ ਤਲਵੰਡੀ ਨੇ ਵੀ ਵਿਚਾਰ ਪੇਸ਼ ਕੀਤੇ। ਸਟੇਜ ਸਕੱਤਰ ਦੀ ਸੇਵਾ ਹਰਦੀਪ ਕਲਸੀ ਅਤੇ ਚੰਦਰ ਪਾਲ ਭੱਟੀਆਂ ਕਰ ਰਹੇ ਸਨ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਤਰਲੋਚਨ ਸੁੰਢ ਦਾ ਭਾਸ਼ਣ ਲਾਈਵ ਇਨ ਬਿਨ ਦਿਖਾਇਆ ਗਿਆ ਅਤੇ ਆਏ ਦਸ ਬਾਰਾਂ ਪੱਤਰਕਾਰਾ ਵਲੋਂ ਉਨ੍ਹਾਂ ਪੂਰੀ ਗੱਲ ਬਾਤ ਲਿਖੀ ਗਈ ਮੇਰੇ ਬਾਬਾ ਸਾਹਿਬ ਅੰਬੇਡਕਰ ਜੀ ਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਦਿਤੇ ਗਏ ਭਾਸ਼ਣ ਨੂੰ ਕਿਸ ਦੇ ਇਸ਼ਾਰੇ ਤੇ ਲਾਈਵ ਟੈਲੀਕਾਸਟ ਵਿੱਚ ਕੱਟ ਵੱਢ ਅਤੇ ਪੂਰੀ ਤਰ੍ਹਾਂ ਡਿਸਟਰਬ ਕੀਤਾ ਗਿਆ। ਪੱਤਰਕਾਰਾ ਨੂੰ ਨਿਰਪੱਖ ਰਹਿਣਾ ਚਾਹੀਦਾ ਸੀ ਕਿਸੇ ਪੱਤਰਕਾਰ ਨੇ ਮੇਰੇ ਵੱਲੋਂ ਕਹੇ ਇੱਕ ਵੀ ਸ਼ਬਦ ਦਾ ਜ਼ਿਕਰ ਨਹੀਂ ਕੀਤਾ ਕੀ ਇਹ ਹੈ ਪ੍ਰੈਸ ਦੀ ਆਜ਼ਾਦੀ। ਕਿਰਪਾ ਕਰਕੇ ਇਸ ਜੋੜਮੇਲੇ ਨੂੰ ਜੋੜ ਮੇਲਾ ਹੀ ਰਹਿਣ ਦਿਓ ਤੌੜਮੇਲਾ ਨਾ ਬਣਾਓ। ਜੈ ਗੁਰੂਦੇਵ ਜੈ ਭੀਮ ਜੈ ਭਾਰਤ

ਸਰਬ ਸਾਂਝਾ ਦਰਬਾਰ ਚੁਸ਼ਮਾ ਸਰਕਾਰ ਜੀ ਦਾ 27ਵਾਂ ਸਲਾਨਾ ਜੋੜ ਮੇਲਾ 29,30 ਅਤੇ 31 ਮਈ ਨੂੰ ਮਨਾਇਆ ਜਾਵੇਗਾ :- ਸਾਈਂ ਬਲਕਾਰ ਸਾਬਰੀ

ਬੰਗਾ (ਚਰਨਜੀਤ ਸੱਲ੍ਹਾਂ) ਸਰਬ ਸਾਂਝਾ ਦਰਬਾਰ ਚੁਸ਼ਮਾ ਸਰਕਾਰ ਜੀ ਦਾ 27ਵਾਂ ਸਲਾਨਾ ਜੋੜ ਮੇਲਾ 29,30 ਅਤੇ 31 ਮਈ ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਮੇਲੇ ਸੰਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਗੱਦੀ ਨਸੀਨ ਸਾਈਂ ਬਲਕਾਰ ਸਾਬਰੀ ਜੀ ਪ੍ਰਧਾਨ ਸੂਫ਼ੀ ਫ਼ਕਰ ਫ਼ਕੀਰ ਸਭਾ ਪੰਜਾਬ ਨੇ ਦੱਸਿਆ ਹੈ ਕਿ ਸਰਬ ਸਾਂਝਾ ਦਰਬਾਰ ਚੁਸ਼ਮਾ ਸਰਕਾਰ ਜੀ ਨੱਥੇਵਾਲ , ਉੱਚਾ ਪਿੰਡ ਨਹਿਰ ਤੇ ਪਿੰਡ ਸਰਹਾਲੀ ਜਿਲ੍ਹਾ ਜਲੰਧਰ ਵਿਖੇ 29 ਮਈ ਦਿਨ ਵੀਰਵਾਰ ਝੰਡੇ ਦੀ ਰਸਮ ਚਾਦਰਾਂ ਦੀ ਰਸਮ ਚਰਾਗ ਰੋਸ਼ਨ ਕੀਤੇ ਜਾਣਗੇ ਰਾਤ 7 ਵਜੇ ਰੰਗ ਸਾਬਰੀ ਕਵਾਲ ਗੁਰਦਾਸਪੁਰ ਵਾਲੇ ਆਪਣਾ ਪ੍ਰੋਗਰਾਮ ਪੇਸ਼ ਕਰਨਗੇ ਰਾਤ 8 ਵਜੇ ਜੱਸਾ ਨਕਾਲ ਪਾਰਟੀ ਸਰਹਾਲੀ ਵਾਲੇ ਅਤੇ 10 ਵਜੇ ਅਸਲਮ ਨਕਾਲ ਪਾਰਟੀ, ਨੀਲੀ ਬੂਟਾ ਨਕਾਲ ਪਾਰਟੀ ਦੇਰ ਰਾਤ ਤੱਕ ਆਪਣਾ ਪ੍ਰੋਗਰਾਮ ਕਰਦੇ ਰਹਿਣਗੇ।

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005
(2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਜ਼ ਦੀ ਸੁਰੁਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੰਝ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੋਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਵਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਚੁਗਲੀਆਂ ਅਤੇ ਸ਼ਾਦੀਆ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖੂਨ ਦੀ ਬੀਮਾਰੀਆਂ, ਮਲਦੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਰੁਕਵੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਖਬਤਰੀਕਤਾ (Anaemia), ਭਾਰ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਬੇਚੈਨੀ (Depression).

{ ਖੁਜਲੀ Eczema ਜਾਂ ਸੋਰਾਈਸਿਜ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਦਾਸੀਪਣ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1)	ਮਰਦਾਨਾ ਤਾਕਤ ਦਾ ਫੈਲਾਵੀ ਨੁਸਖਾ- -------- 1 ਮਹੀਨੇ ਦੀ ਕੀਮਤ	£35
2)	ਥੁਕਵਟ ਦਾ ਸੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3)	ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4)	ਲੰਮੇ ਸਮੇਂ ਤੋਂ ਹੱਥ ਕਾਮੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5)	ਗਲਤਫਹਮੀਆਂ ਕਾਰਨ ਜਿੰਗ ਕਮਜ਼ੋਰ, ਠੰਢਾ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ	£35
6)	ਨਰਿਆਂ ਕਾਰਨ ਸ਼ਰੀਰਕ ਕੰਜ਼ਰੋਰ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7)	ਸ਼ੁਗਰਲੇਸ਼ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8)	ਸ਼ਰੀਰਕ ਅਤੇ ਜਿੰਗ ਦੀਆਂ ਨਸਾਂ ਦੀ ਕਮਜ਼ੋਰੀ ਲਈ ਤੋਫ਼- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਸਪੱਰ ਵੀਰਜ ਵਿਚਲੇ ਸਪਰਮ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਜਿੰਗ ਉਤੇ ਸਖਤ ਜ਼ਖਮ, SPERMATIC ਰੋਗੀ ਦੀਆਂ ਜਫਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਕਠਨਾਹ ਵਰਗੇ ਹਰੇਕ ਬੀਮਾਰੀਆਂ ਦਾ ਇਲਾਜ ਦੀ ਅਸੀਂ ਗਰਮਟੀਕਰਣ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ਼ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਰਦਰ (ਚਰਿਤ ਪਾਣੀ), ਛਾਤੀਆਂ ਦਾ ਸੁੱਕਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਕੰਬਣੀ, ਦੁਧ ਬੰਦ, ਬੱਚੇਦਾਨੀ (Uterus) ਵਿਚੋਂ ਵਾਧੂ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿੱਚ ਗਲੰਥੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿੱਚ ਗਲਥੇ (Ovarian Cysts), ਯੋਨੀ ਦੀ ਇਕਸਮਰ ਸੁੰਕੜੁਤਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫੁਟਕੇ ਅਤੇ ਫਟਵਰ, ਜਿੰਨ ਭੋਰ ਸਮੇਂ ਸੁਖਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.), (A.P.) AND (NUTRI.)

ਔਰਤਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਾਵਰ ਪੰਜਿਕਾ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਖਿੱਚੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ - **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਪਿੱਛ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਾਰਦਾ ਕਰਦੀ ਹੈ - **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਉਤਸ਼ਾਹਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਮਸਟ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸਨਾ 'ਚ ਵਾਧਾ ਕਰਕੇ ਖੁਸ਼ਕਤੀ ਅਤੇ ਚੁਸਤੀ ਪਾਉਂਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨ ਹੱਡੀਆਂ ਦੀਨੀ ਤਕਲੀਫ਼ਾਂ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਣ ਵਾਲਾ ਮੋਟਾ ਦੀਆਂ ਦਵਾਈ ਨੂੰ ਸਫਲ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES) ਬੱਚਾ ਗਰੀ ਉਮਰ ਵਿਚ ਘਟ ਗਰੀ ਹਾਰਮੋਨਸ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਾਵਾ ਨੂੰ ਦੂਰ ਕਰਕੇ ਚੰਗਵਾਤੀ ਅਤੇ ਸ਼ਾਨਦਾਰ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਲਤਫਹਮੀਆਂ, ਮੁਫ਼ਤ ਦੀ ਬਦਨੀ (ANXIETY) ਵਿਚ ਫਸੀਲ ਅਤੇ ਸੋਚਾਂਪੇ ਘੱਟਾ ਦੀ ਪੁਰਤੀ ਕਰਕੇ ਚਸਮਦੀਦੀ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਕਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਖ਼ੋਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਸ਼ੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਸ਼ੀ ਨੂੰ ਚੰਗਤ (ਘੱਟੇ ਪੈਣ) ਮਿਕਦਾਰੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਬਹਾਦਰੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਤਾਸ਼ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਰੋਜ਼ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਖੁਸ਼ SPECIFIC BRANDS ਇਸ ਤਰ੍ਹਾਂ ਹਨ (ਇਹ ਸਾਡੂ ਵਾਂਗ ਕੰਮ ਕਰਦੇ ਹਨ)

PILAES (IN OINTMENT)	ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤਾ ਖੁਲਾ ਵਿਚ ਖੁਜਲੀ ਅਤੇ ਜਲਨ ਤੋਂ ਆਰਾਮ	£19
NURALACO (IN OINTMENT OR LOTION)	--- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA (IN OINTMENT OR LOTION)	---ਠੰਢ ਕਾਰਣ ਹੋਣ ਹੋਣ ਵਾਲੀਆਂ ਉਂਗਲਾਂ ਪ ਦਰਦ ਤੇ ਸੋਜ ਤੋਂ ਆਰਾਮ	£19
ARNSTRA (IN OINTMENT)	------- ਚਮੜਾ, ਸੋਜ (SPRAINS) ਚੋਟਾਂ ਸੋਟ ਨਾਲ ਹੋਏ ਜਖਮਾਂ ਜਾ (BED SORES) ਨੂੰ ਆਰਾਮ	£19
BELINFLA (IN OIL OR OINTMENT)	---ਠੰਡਾ, ਪੱਠਿਆਂ ਅਤੇ ਸੋਫਾ ਵਿਚ ਸੋਜ, ਲਾਲੀ ਤੇ ਖਿਚ ਦਰਦ ਨੂੰ ਆਰਾਮ	£19
BELULCE (IN OIL)	---- ਸੋਟ ਲੱਗਣ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN (IN OIL)	-ਸੱਟਾ ਦਾ ਦਰਦਰ, ਫਾਲ ਬੈਠਾ ਨਾਲ ਗਲਤਫਹਮ ਵਿਚ ਅਤੇ ਸੋਟਾਂ 'ਚ ਅਫਰਾਫਰ ਨੂੰ ਆਰਾਮ -	£19
CALWOUN (IN OIL OR OINTMENT)	--- ਸੋਟ ਕਾਰਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਹਤ ਦਰਦਾਂ ਤੋਂ ਆਰਾਮ-	£19
BURCAN (IN LOTION OR OINTMENT)	--ਕਿਸੇ ਵੀ ਤਰ੍ਹਾਂ ਮਸਟ ਦੇ ਦਰਦਾਂ ਅਤੇ ਛਾਲਿਆਂ ਤੋਂ ਮੁਕੰਮਲ ਆਰਾਮ ---	£19
ROUTUM (IN OINTMENT)	-- ਸਰੀਰ ਦੇ ਕਿਸੇ ਵੀ ਹਿੱਸੇ ਵਿਚ ਕਿਸਟੀਆਂ ਦੀ ਸਿਕ ਅਤੇ ਦਰਦਾਂ ਤੋਂ ਆਰਾਮ ----	£19
JOINRHU (IN OIL)	-- ਸੋਟਾਂ ਦੇ ਦਰਦਾਂ, ਸਿਰ ਸੱਟਾਂ ਦਰਦਾਂ, ਚੱਕ ਪੈਣ ਅਤੇ ਕੋਲੇਸਟਰ ਪੱਠਿਆਂ ਦੀ ਸਿਕ ਤੋਂ ਆਰਾਮ-	£19
ASSSIL (IN LOTION)	-- ਕਿਸਟੀਆਂ ਦਾ ਛੋਟੇ ਪੱਕ ਤੇ ਜਖਮ ਬਣ ਜਾਣ ਦੀ ਹਾਲਤ ਵਿਚ ਮੁਕੰਮਲ ਆਰਾਮ ----	£19
ITCSUL (IN OIL)	---- ਸਰੀਰ ਉੱਤੇ ਕਿਸੇ ਵੀ ਤਰ੍ਹਾਂ ਦੀ ਖਾਰਸ਼ ਤੋਂ ਆਰਾਮ ----------	£19
WARTHU (IN OIL)	-ਹਰ ਤਰ੍ਹਾਂ ਦੇ ਖੁਸ਼ਕ, ਤਰ, ਸਪੰਜ ਜਾ ਗੰਢਾਂ ਦੇ ਛੋਟੇ ਵਡੇਰੇ ਮੁਹਾਸੇ (WARTS) ਤੋਂ ਆਰਾਮ ---	£19

* HOMOEOPATHIC HEALTH CLINIC ਦੇ ਨਾਂ 'ਤੇ ਹੋਰ ਹੋਮਿਓਪੈਥ ਆਰਥਰਾਤ ਜਾਂ ਫੀਲਡ ਚਲਾਂਦੇ ਹੋਵੇ ।
(ਹਰ ਆਰਥਰਾਤ ਲਾਭ £10 ਹਿੰਦਿਕਤ ਤੇ ਹੋਮਪੈਥ ਕਰਦੇ)

ਹਰ ਤਰ੍ਹਾਂ ਦੇ ਲਿਸ਼ਾਂ ਅਤੇ ਉਂਹਨਾ ਨਾਲ ਸਰੀਰ 'ਚ ਪਏ ਨੁਕਸ ਤੋਂ ਮੁਕੰਮਲ ਛੁਟਕਾਰਾ ਪੱਕੇ ਸਾਫਤਮੰਦੀ ਲਈ ਫੋਨ ਕਰੋ
ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਪੰਜਾਬ 'ਚ ਛਲੇਡਾ ਸਿਆਸਤ !

ਤੁਸੀਂ ਜਾਣਦੇ ਹੀ ਹੋ ਕਿ ਛਲੇਡਾ ਕੀ ਕੀ ਰੂਪ ਬਦਲ ਸਕਦਾ ਹੈ। ਇਹ ਕੋਈ ਪੰਛੀ ਜਾਂ ਜਾਨਵਰ ਨਹੀਂ, ਬੰਦਾ ਹੀ ਹੁੰਦਾ ਹੈ। ਪਰ ਇਸ ਦੀ ਪਹਿਚਾਣ ਕਰਨੀ ਔਖੀ ਹੁੰਦੀ ਹੈ। ਕਿਉਂਕਿ ਉਹ ਦੁੱਧ ਵਿੱਚ ਪਾਣੀ ਵਾਂਗ ਘੁਲ਼ ਮਿਲ ਜਾਂਦਾ ਹੈ ਤੇ ਆਪਣੇ ਆਪ ਦਾ ਮੁੱਲ ਦੁੱਧ ਬਰਾਬਰ ਕਰ ਲੈਂਦਾ ਹੈ। ਉਸ ਦਾ ਪਤਾ ਤਾਂ ਦੁੱਧ ਉਬਾਲੇ ਤੇ ਹੀ ਪਤਾ ਲਗਦਾ ਹੈ ਕਿ ਪਿੱਛੇ ਕੀ ਬਚਿਆ ਹੈ। ਇਹੋ ਜਿਹਾ ਕੁਝ ਪੰਜਾਬ ਦੇ ਲੋਕਾਂ ਨਾਲ ਹੋ ਰਿਹਾ ਹੈ। ਪੰਜਾਬ ਤੇ ਪੰਜਾਬੀਆਂ ਨੂੰ ਅਜੇ ਤੱਕ ਦਿੱਲੀ ਦੀ ਛਲੇਡਾ ਸਿਆਸਤ ਦੀ ਪਛਾਣ ਨਹੀਂ ਆਈ। ਇਸੇ ਕਰਕੇ ਹਰ ਵਾਰ ਪੰਜਾਬ ਧੋਖਾ ਖਾ ਲੈਂਦਾ ਹੈ। ਆਪਣਾ ਆਪ ਵਢਾ ਲੈਂਦਾ ਹੈ। ਦੇਸ਼ ਦੀ ਸਿਆਸੀ ਵੰਡ ਤੋਂ ਪਹਿਲਾਂ ਤੇ ਅੱਜ ਤੱਕ ਪੰਜਾਬ ਨੂੰ ਦਿੱਲੀ ਵਾਲਿਆਂ ਨੇ ਹਮੇਸ਼ਾ ਹੀ ਵਰਤਿਆ ਹੈ। ਹਰ ਤਰ੍ਹਾਂ ਦਾ ਤਜਰਬਾ ਵੀ ਦਿੱਲੀ ਦੀ ਸਿਆਸਤ ਨੇ ਪੰਜਾਬ ਦੇ ਵਿੱਚ ਕੀਤਾ ਹੈ। ਭਾਵੇਂ ਪੰਜਾਬ ਦੇ ਸਿਆਸੀ,ਧਾਰਮਿਕ ਤੇ ਵਿਦਵਾਨਾਂ ਨੂੰ ਦਿੱਲੀ ਦੇ ਬਹੁਰੰਗੇ ਚਿਹਰੇ ਸਮਝ ਆਉਦੇ ਰਹੇ ਪਰ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਦਿੱਲੀ ਦਾ ਕਦੇ ਦਿਲ ਨਹੀਂ ਦਿਖਾਇਆ ਪਰ ਆਪ ਹਰ ਵੇਲੇ ਉਹ ਮਲਾਈਆਂ ਛਕਦੇ ਰਹੇ ਤੇ ਦਿੱਲੀ ਦੇ ਪੈਰ ਚੱਟਦੇ ਰਹੇ। ਇਹੋ ਹੀ ਪੰਜਾਬ ਦੀ ਹੋਣੀ ਦਾ ਇਹ ਅੰਦਰਲਾ ਸੱਚ ਹੈ ਕਿ ਪੰਜਾਬ ਦੇ ਆਗੂਆਂ ਨੇ ਦਿੱਲੀ ਦੇ ਨਾਲ ਆਪ ਯਰਾਨੇ ਪਾ ਕੇ ਰੱਖੇ ਤੇ ਪੰਜਾਬ ਦਾ ਉਹ ਸਦਾ ਖੁਦ ਮੁੱਲ ਵੱਟਦੇ ਰਹੇ ਤੇ ਵਟ ਰਹੇ ਹਨ। ਸਿਆਸੀ ਆਗੂਆਂ ਨੇ ਕਦੇ ਪੰਜਾਬ ਦੀਆਂ ਸਰਹੱਦਾਂ, ਕਦੇ ਪੰਜਾਬ ਦੇ ਪਾਣੀਆਂ ਨੂੰ ਤੇ ਕਦੇ ਪੰਜਾਬ ਦੀ ਜੁਆਨੀ ਦਾ ਮੁੱਲ ਵੱਟਿਆ ਤੇ ਆਪਣੀ ਸੱਤਾ ਕਾਇਮ ਰੱਖੀ । ਇਹੀ ਕਾਰਨ ਹੈ ਕਿ ਪੰਜਾਬ ਦੇ ਲੋਕ ਆਪਣੇ ਸਿਆਸੀ, ਧਾਰਮਿਕ ਤੇ ਵਿਦਵਾਨਾਂ ਦੀਆਂ ਚਿਕਨੀਆਂ ਤੇ ਚੋਪੜੀਆਂ ਗੱਲਾਂ ਦੇ ਵਿੱਚ ਆ ਕੇ, ਉਨ੍ਹਾਂ ਦੇ ਮਗਰ ਲੱਗ ਕੇ ਆਪਣੇ ਹੱਥੀਂ ਪੰਜਾਬ ਨੂੰ ਬਰਬਾਦ ਕਰਦੇ ਰਹੇ। ਜਿਹੜੀ ਪੀੜ੍ਹੀ ਦੇ ਸਿਆਣੇ ਲੋਕਾਂ ਨੂੰ ਇਨ੍ਹਾਂ ਅਖੌਤੀ ਆਗੂਆਂ ਦੀ ਗੱਲ ਸਮਝ ਲੱਗੀ, ਉਹ ਆਪਣੀ ਸੁਰੱਖਿਆ ਦੇ ਲਈ ਵਿਦੇਸ਼ਾਂ ਵੱਲ ਨੂੰ ਇਕ ਇਕ ਕਰਕੇ ਉਡਾਰੀ ਮਾਰਦੇ ਰਹੇ। ਗੱਲ ਪੰਜਾਬੀ ਸੂਬੇ ਦੀ ਹੋਵੇ ਜਾਂ ਗੁਆਂਢੀ ਰਾਜਾਂ ਨੂੰ ਪਾਣੀ ਦੇਣ ਦੀ ਹੋਵੇ । ਹਰ ਵਾਰ ਦਿੱਲੀ ਵਾਲੇ ਹਾਕਮਾਂ ਨੇ ਕਦੇ ਪਿਆਰ ਨਾਲ, ਕਦੇ ਹੰਕਾਰ ਨਾਲ ,ਕਦੇ ਲਾਲਚ ਨਾਲ ਤੇ ਕਦੇ ਬਾਂਹ ਮਰੋੜ ਕੇ ਆਪਣੀ ਗੱਲ ਮਨਾਈ । ਪੰਜਾਬ ਦੇ ਸਿਆਸੀ ਆਗੂਆਂ ਨੇ ਆਪਣੀ ਕੁਰਸੀ ਕਾਇਮ ਰੱਖਣ ਦੇ ਲਈ ਸਭ ਕੁੱਝ ਕੀਤਾ। ਇਹੋ ਹੀ ਕਾਰਨ ਹੈ ਕਿ ਅੱਜ ਪੰਜਾਬ ਹਰ ਖੇਤਰ ਦੇ ਵਿੱਚ ਪਛੜ ਗਿਆ। ਸੱਤਾ ਦੇ ਲਾਲਚ ਲਈ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬਾ ਮੋਰਚਾ ਲਗਾ ਕੇ ਮਹਾਂ ਪੰਜਾਬ ਨੂੰ ਆਪਣੇ ਹੱਥਾਂ ਨਾਲ ਆਪੇ ਕਟਵਾਇਆ। ਜਿਹੜੀ ਦਿੱਲੀ ਕਦੇ ਮਹਾਂ ਪੰਜਾਬ ਦਾ ਸੂਬਾ ਹੁੰਦੀ ਸੀ ਤੇ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬੀ ਸੂਬਾ ਬਨਣ ਵੇਲੇ ਉਹੀ ਦਿੱਲੀ ਹਾਕਮ ਬਣ ਗਈ। ਪੰਜਾਬ ਦੇ ਸਿਆਸੀ ਆਗੂਆਂ ਨੇ ਪੰਜਾਬ ਦੇ ਹਿੱਤਾਂ ਨਾਲੋਂ ਆਪਣੇ ਹਿੱਤਾਂ ਨੂੰ ਸਦਾ ਪਹਿਲ ਦਿੱਤੀ । ਪੰਜਾਬ ਦੀਆਂ ਸਿਆਸੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਸੀਪੀਆਈ ਨੇ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਕੀਤੀ। ਇਹਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਦਿੱਲੀ ਵਾਲਿਆਂ ਨਾਲ ਆਪਣੀ ਗੰਢ ਤੁਪ ਰੱਖੀ ਤੇ ਪੰਜਾਬ ਦੇ ਲੋਕਾਂ ਨੂੰ ਆਪਣੇ ਢੰਗ ਦੇ ਨਾਲ ਵਰਤਿਆ। ਪੰਜਾਬ ਦੇ ਪਾਣੀਆਂ ਨੂੰ ਕਦੇ ਕਾਂਗਰਸੀਆਂ ਨੇ ਤੇ ਕਦੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਵੇਚਿਆ। ਪੰਜਾਬ ਦੇ ਅੰਦਰ ਹਰੀ, ਚਿੱਟੀ ਤੇ ਨੀਲੀ ਕ੍ਰਾਂਤੀ ਦਾ ਦੁਨੀਆਂ ਦੇ ਵਿੱਚ ਫੇਲ ਹੋਇਆ ਤਜਰਬਾ ਕਰਵਾਇਆ। ਇਸ ਹਰੀ ਕ੍ਰਾਂਤੀ ਦੇ ਅਧੀਨ ਦੁਨੀਆਂ ਦੇ ਵਿੱਚ ਬੰਦ ਕੀਤੀਆਂ ਮਨੁੱਖ ਤੇ ਕੁਦਰਤ ਵਿਰੋਧੀ ਜ਼ਹਿਰੀਲੀਆਂ ਦਵਾਈਆਂ ਨੂੰ ਵਰਤਣ ਦੀ ਖੁਲ੍ਹ ਦਿੱਤੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਪੰਜਾਬ ਦੇ ਰਾਹੀ ਉਨ੍ਹਾਂ ਦਵਾਈਆਂ ਦੀ ਸਿਫਾਰਸ਼ਾਂ ਕਰਵਾ ਕੇ ਪੰਜਾਬ ਦੀ ਧਰਤੀ ਤੇ ਮਨੁੱਖ ਨੂੰ ਨਸ਼ੇੜੀ ਬਣਾਇਆ। ਪੰਜਾਬ ਦੇ ਵਿੱਚ ਅਨਾਜ ਤਾਂ ਵੱਧਦਾ ਗਿਆ ਤੇ ਦੇਸ਼ ਦੇ ਗੁਦਾਮ ਭਰਦੇ ਰਹੇ। ਪੰਜਾਬ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਬੀਮਾਰ ਕਰਨ ਲਈ ਹਰ ਤਰ੍ਹਾਂ ਤਜਰਬਾ ਕੀਤਾ ਗਿਆ । ਪੰਜਾਬ ਨੂੰ ਉਜਾੜਨ ਲਈ ਇਸ ਨੂੰ ਪ੍ਰਯੋਗਸ਼ਾਲਾ ਬਣਾਇਆ। ਪੰਜਾਬ ਦੀ ਆਬਾਦੀ ਕੰਟਰੋਲ ਕਰਨ ਲਈ " ਦੋ ਹੀ ਕਾਫੀ ਹੋਰ ਤੋ ਮਾਫੀ "ਦਾ ਨਾਹਰਾ ਲਗਾ ਕੇ ਬੱਚਿਆਂ ਦੀ ਗਿਣਤੀ ਘਟਾਉਣ ਦਾ ਛੜਯੰਤਰ ਰਚਿਆ। ਇਹ ਮੁਹਿੰਮ ਪੰਜਾਬ ਦੇ ਵਿੱਚ ਕਾਮਯਾਬ ਕਰਨ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ ਤੇ ਅਸੀਂ ਲਾਲਚ ਫਸੇ। ਪੰਜਾਬੀਆਂ ਨੂੰ ਇਹ ਸਮਝ ਹੀ ਨਹੀਂ ਲੱਗੀ ਕਿ ਇਹ ਮੁਹਿੰਮ ਪੰਜਾਬ ਦੇ ਵਿੱਚ ਹੀ ਕਿਉਂ ਚਲਾਈ ਗਈ ? ਹੁਣ ਘਰ ਘਰ ਇੱਕ ਦੋ ਜਵਾਕ ਹਨ। ਪੰਜਾਬ ਦੇ ਵਿੱਚ ਹਰ ਤਰ੍ਹਾਂ ਦੀਆਂ ਕੀਟ ਤੇ ਨਦੀਨ ਨਾਸਿਕ ਦਵਾਈਆਂ ਜੋ ਦੁਨੀਆਂ ਦੇ ਵਿੱਚ ਬੰਦ ਸਨ ਦੀ ਇਥੇ ਉਨ੍ਹਾਂ ਦੀ ਅੰਨ੍ਹੇ ਵਾਹ ਵਰਤੋਂ ਨਹੀਂ ਦੁਰਵਰਤੋਂ ਕਰਵਾਈ । ਨਕਲੀ ਦਵਾਈਆਂ ਦੇ ਵਪਾਰੀਆਂ ਨੇ ਆਪਣੇ ਡੀਲਰਾਂ ਦੇ ਰਾਹੀ ਖੂਬ ਹੱਥ ਰੰਗੇ। ਇਹ ਨਕਲੀ ਦਵਾਈਆਂ ਦੀ ਸਿਫਾਰਸ਼ ਖੇਤੀਬਾੜੀ ਵਿਗਿਆਨੀਆਂ ਦੇ ਰਾਹੀ ਕਰਵਾਉਂਦੇ ਰਹੇ ਤੇ ਉਨ੍ਹਾਂ ਵਿਗਿਆਨੀਆਂ ਦੇ ਮੂੰਹ ਨੂੰ ਲਹੂ ਲਾ ਕੇ ਕਾਣੇ ਕਰਦੇ ਰਹੇ। ਰਾਜ ਕਰਦੀਆਂ ਪਾਰਟੀਆਂ ਦੇ ਆਗੂ ਕਮਿਸ਼ਨ ਛਕਦੇ ਰਹੇ। ਪੰਜਾਬ ਦੇ ਲੋਕ ਖੁਸ਼ਹਾਲੀ ਦੇ ਚੱਕਰ ਦੇ ਵਿੱਚ ਕਦੇ ਬੈਂਕਾਂ ਦੇ ਵਸਾਏ ਜਾਲ ਵਿੱਚ ਫਸ ਕੇ ਉਲਝਣ ਲੱਗੇ। ਜ਼ਮੀਨਾਂ ਦੀਆਂ ਲਿਮਟਾਂ ਨੇ ਪੰਜਾਬ ਦੇ ਕਿਸਾਨਾ ਦੇ ਗਲ ਫਾਹੀਆਂ ਪਾ ਲਈਆ ਤੇ ਖੇਤੀਬਾੜੀ ਨਾਲ ਜੁੜੀ ਮਸ਼ੀਨਰੀ ਤੇ ਗੱਡੀਆਂ ਦੀ ਲਾਲਸਾ ਕਿਸਾਨਾਂ ਦੇ ਅੰਦਰ ਪੈਦਾ ਕੀਤੀ ਗਈ ਤੇ ਕਿਸਾਨੀ ਇਸ ਜਾਲ ਵਿੱਚ ਖੁਦ ਫਸਦੀ ਰਹੀ, ਗੱਲ ਖੁਦਕਸ਼ੀਆਂ ਤੱਕ ਪੁਜ ਗਈ। ਇਸੇ ਦੌਰਾਨ ਜੀਵਨ ਦੀ ਸ਼ੈਲੀ ਬਦਲਣ ਦੇ ਲਈ ਪੱਛਮੀ ਸੱਭਿਆਚਾਰ ਦੇ ਗਲੋਬਲੀ ਹਮਲਾ ਹੋਇਆ। ਲੱਚਰ ਗਾਇਕੀ ਤੇ ਪੈਲਸ ਸੱਭਿਆਚਾਰ ਨੇ ਪੰਜਾਬ ਨੂੰ ਸਧਾਰਨ ਤੋਂ ਫੁਕਰਾ ਬਣਾਇਆ। ਪੰਜਾਬ ਤੋਂ ਉਠਿਆ ਕਿਸਾਨ ਅੰਦੋਲਨ ਠੁਸ ਹੋ ਗਿਆ ਹੈ। ਕਿਸਾਨ ਜਥੇਬੰਦੀਆਂ ਦੇ ਆਗੂ ਮਾਲਾ ਮਾਲ ਹੋ ਗਏ ਹਨ। ਪੰਜਾਬ ਦੀਆਂ ਨਬਜ਼ਾਂ ਕਸਣ ਦੇ ਲਈ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸੱਤਾ ਦੇ ਲਾਲਚ ਵਿੱਚ ਪੰਜਾਬ ਨੂੰ ਸਦਾ ਵੇਚਣ ਲਈ ਮੰਡੀ ਵਿੱਚ ਰੱਖਿਆ। ਪੱਛਮੀ ਸੱਭਿਆਚਾਰ ਦੇ ਹਮਲੇ ਨੇ ਪੰਜਾਬ ਦੀ ਜੁਆਨੀ ਦੀ ਹੀ ਨਹੀਂ ਬਲਕਿ ਬੁੱਢਿਆਂ ਦੀ ਵੀ ਮੱਤ ਮਾਰ ਦਿੱਤੀ। ਇਸ ਤੋਂ ਪਹਿਲਾਂ ਨੌਜਵਾਨਾਂ ਨੂੰ ਨਕਸਲਬਾੜੀ ਤੇ ਅੱਤਵਾਦੀ ਬਣਾ ਕੇ ਪੰਜਾਬ ਦੀ ਜੁਆਨੀ ਦਾ ਪੰਜਾਬੀਆਂ ਰਾਹੀ ਹੀ ਸ਼ਿਕਾਰ ਖੇਡਿਆ। ਪੰਜਾਬ ਆਰਥਿਕ, ਧਾਰਮਿਕ, ਸਮਾਜਿਕ ਤੇ ਸਰੀਰਕ ਤੌਰ ਤੇ ਤਬਾਹ ਕਰਨ ਦੇ ਲਈ ਹਰ ਤਰ੍ਹਾਂ ਦਾ ਤਜਰਬਾ ਕੀਤਾ। ਅਸੀਂ ਸਭ ਕੁੱਝ ਖੁਦ ਕਰਦੇ ਰਹੇ । ਪੰਜਾਬੀ ਕਦੇ ਲਾਲਚਵਸ ਕਦੇ ਡਰ ਵਸ ਦਿੱਲੀ ਦੇ ਹਾਕਮਾਂ ਦਾ ਤਸ਼ੱਦਤ ਝੱਲਦੇ ਰਹੇ। ਪੰਜਾਬ ਦੇ ਸਿੱਖਿਆ ਸ਼ਾਸਤਰੀਆਂ ਤੇ ਬੁੱਧੀਜੀਵੀਆਂ ਨੇ ਪੰਜਾਬ ਨੂੰ ਬਰਬਾਦ ਕਰਨ ਲਈ ਦਿੱਲੀ ਦੀਆਂ ਚਾਲਾਂ ਨੂੰ ਸਮਝਦੇ ਹੋਇਆ ਵੀ ਚੁੱਪ ਧਾਰੀ ਰੱਖੀ । ਪੰਜਾਬ ਦੇ ਵਿੱਚ ਰੁਜ਼ਗਾਰ ਦੇ ਸਾਧਨਾਂ ਨੂੰ ਤਬਾਹ ਕਰਕੇ ਤੇ ਪੁਲਿਸ ਦਾ ਡਰ ਪੈਦਾ ਕਰਕੇ ਪੰਜਾਬ ਦੀ ਜੁਆਨੀ ਵਿਦੇਸ਼ਾਂ ਦੇ ਵੱਲ ਭੱਜਣ ਲਈ ਮਜਬੂਰ ਕੀਤਾ। ਪੰਜਾਬ ਦੇ ਅੰਦਰ ਬਾਹਰੀ ਰਾਜਾਂ ਦੇ ਲੋਕਾਂ ਨੂੰ ਵਸਣ ਤੇ ਅਬਾਦ ਹੋਣ ਦੇ ਲਈ ਮੌਕੇ ਪ੍ਰਦਾਨ ਕੀਤੇ, ਹੁਣ ਵਿਦੇਸ਼ਾਂ ਤੋਂ ਪੰਜਾਬੀਆਂ ਦੇ ਜਹਾਜ਼ ਭਰ ਭਰ ਆਉਣ ਲੱਗੇ ਹਨ। ਕਦੇ ਕਿਸੇ ਸਿਆਸੀ ਆਗੂ ਨੇ ਇਹ ਨਹੀਂ ਸੋਚਿਆ ਕਿ ਪੰਜਾਬੀ ਕਿਧਰੇ ਦੂਜੇ ਸੂਬੇ ਵਿੱਚ ਜ਼ਮੀਨਾਂ ਨਹੀਂ ਖਰੀਦ ਸਕਦਾ ਫੇਰ ਬਾਹਰਲੇ ਰਾਜਾਂ ਦੇ ਲੋਕ ਪੰਜਾਬ ਕਿਵੇਂ ਜ਼ਮੀਨਾਂ ਖਰੀਦ ਰਹੇ ਹਨ । ਪੰਜਾਬ ਸਰਕਾਰ ਲਗਾਤਾਰ ਕਰਜ਼ਾ ਚੁੱਕ ਰਹੀ ਹੈ। ਪੰਜਾਬ ਦੇ ਸਿਰ ਪੌਣੇ ਦੋ ਲੱਖ ਕਰੋੜ ਰੁਪਏ ਕਰਜ਼ਾ ਹੋ ਗਿਆ ਹੈ। ਇਹ ਕਰਜ਼ਾ ਦਿੱਲੀ ਦੇ ਲਾਲੇ ਨੂੰ ਖੁਸ਼ ਕਰਨ ਲਈ ਵਰਤਿਆ ਗਿਆ ਹੈ। ਹੁਣ ਉਹ ਦਿੱਲੀ ਵਿੱਚ ਵਿਹਲਾ ਹੋ ਗਿਆ, ਉਸਨੇ ਆਪਣੇ ਚਹੇਤਿਆਂ ਨੂੰ ਪਹਿਲਾਂ ਹੀ ਇਥੇ ਭੇਜਿਆ ਹੋਇਆ ਹੈ, ਹੁਣ ਉਹ ਆਪ ਆਉਣ ਲਈ ਜੁਗਾੜ ਲਾਉਣ ਲੱਗਿਆ, ਦੇਖੋ ਕੀ ਬਣੇਗਾ ਪੰਜਾਬ ਦੇ ਲੋਕਾਂ ਦਾ, ਜਿਹਨਾਂ ਨੇ ਬਦਲਾਅ ਲਿਆਉਣ ਦੇ ਚੱਕਰ ਵਿੱਚ ਆਮ ਆਦਮੀ ਪਾਰਟੀ ਨੂੰ ਬਹੁਮਤ ਦਿੱਤੀ ਸੀ। ਹੁਣ ਪੰਜਾਬ ਦੇ ਲੋਕ ਗੋਡਿਆਂ ਵਿੱਚ ਸਿਰ ਦੇ ਕੇ ਚੀਕ ਰਹੇ ਹਨ। ਦੇਸ਼ ਅੰਦਰ ਦੋ ਤਰ੍ਹਾਂ ਦਾ ਕਾਨੂੰਨ ਸਿਰਫ਼ ਪੰਜਾਬ ਦੇ ਵਿੱਚ ਲਾਗੂ ਹੋਇਆ। ਪੰਜਾਬ ਨੂੰ ਗੁਲਾਮ ਬਣਾ ਕੇ ਰੱਖਣ ਦੇ ਲਈ ਇਥੋਂ ਦੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਦਿੱਲੀ ਦੇ ਹਾਕਮਾਂ ਨੇ ਆਪਣੇ ਕਬਜ਼ੇ ਦੇ ਵਿੱਚ ਰੱਖਿਆ। ਇਸ ਸਮੇਂ ਤੱਕ ਪੰਜਾਬ ਹਰ ਪੱਖ ਤੋਂ ਤਬਾਹ ਹੋ ਗਿਆ ਸੀ ਤੇ ਹੁਣ ਦਿੱਲੀ ਦੇ ਹਾਕਮਾਂ ਨੇ ਬਦਲਾਅ ਦੇ ਨਵੇਂ ਤਜਰਬੇ ਦਾ ਆਗਾਜ਼ ਕੀਤਾ ਹੈ। ਦਲਦਲ ਬਣੇ ਪੰਜਾਬ ਦੇ ਨਾਸੂਰ ਬਣੇ ਸਰੀਰ ਤੇ ਮਰ ਚੁੱਕੀ ਆਤਮਾ ਨੂੰ ਹਲੂਣਾ ਦੇ ਕੇ ਜਗਾਣ ਦਾ ਨਵਾਂ ਤਜਰਬਾ ਸ਼ੁਰੂ ਹੋਇਆ ਹੈ। ਪੰਜਾਬ ਦੀ ਮਰ ਚੁੱਕੀ ਆਤਮਾ ਨੂੰ ਪ੍ਰਮਾਤਮਾ ਦੇ ਚਰਨਾਂ ਦੇ ਵਿੱਚ ਨਿਵਾਸ ਬਖਸ਼ਣ ਵਾਲੀ ਚਿੱਟੀ ਸਿਊਂਕ ਰਾਹੀ ਅਰਦਾਸਾਂ ਕਰਵਾਈਆਂ।ਇਸ ਸਮੇਂ ਪੰਜਾਬ ਦੀ ਆਤਮਾ ਮਰ ਚੁੱਕੀ ਹੈ, ਜਿਹਨਾਂ ਦੀ ਜਿਉਦੀ ਹੈ, ਉਹ ਬਿਨ ਪਾਣੀਆਂ ਦੇ ਮੱਛੀ ਵਾਂਗੂੰ ਤੜਪ ਰਹੇ ਰਹੇ। ਸਰਕਾਰ ਦੀਆਂ ਨਜ਼ਰਾਂ ਵਿੱਚ ਰੜਕ ਰਹੇ ਹਨ। ਉਹ ਹੋ ਕੇ ਚੀਕ ਰਹੇ ਹਨ। ਅੱਠ ਗਧੇ ਵੀਹ ਦਰੋਗੇ ਵਾਂਗੂੰ ਆਪਸ ਵਿੱਚ ਗਧੇ ਦੀ ਸਵਾਰੀ ਕਰਨ ਲਈ ਆਪਸ ਵਿੱਚ ਲੜ ਰਹੇ ਹਨ । ਪੰਜਾਬ ਦੇ ਪੈਰਾਂ ਹੇਠਾਂ ਅੱਗ ਬਲਦੀ ਹੈ ਜੋ ਉਸਨੂੰ ਹੀ ਬਚੇ ਖੁਚੇ ਨੂੰ ਸਾੜ ਰਹੀ ਹੈ। ਸੜੀ ਲਾਸ਼ ਵਰਗੀ ਹਾਲਤ ਵਿੱਚ ਹੁਣ ਪੰਜਾਬ ਬਦਲਣ ਦੇ ਚੱਕਰ ਵਿੱਚ ਫਿਰ ਫਸਿਆ ਜਾਂ ਫਸਾਇਆ ਹੈ ਤੇ ਅਗਲਾ ਤਜਰਬਾ ਕੀ ਹੋਣਾ ਹੈ ? ਇਹ ਛਲੇਡਾ ਸਿਆਸਤ ਵਾਲੇ ਜਾਣਦੇ ਹਨ ? ਕੀ ਹੋਣਾ ਤੇ ਕਿਵੇਂ ਪੰਜਾਬ ਤੇ ਬਚੇ ਪੰਜਾਬੀਆਂ ਨੇ ਜਿਉਣਾ ਹੈ ? ਇਹ ਤਾਂ ਹੁਣ ਉਹ ਜਾਣਦੇ ਹਨ ਜਿਹੜੇ ਬਦਲਾਅ ਦਾ ਬੁਰਕਾ ਪਾ ਕੇ ਆਏ ਹਨ ? ਪੰਜਾਬ ਨੂੰ ਇਸ ਸਿਆਸਤ ਦੀ ਛਲੇਡਾ ਰਾਜਨੀਤੀ ਕੀ ਕੀ ਰੰਗ ਦਿਖਾਏਗੀ ਤੇ ਆਪਣੇ ਰੰਗ ਦੇ ਵਿੱਚ ਰੰਗੇਗੀ ? ਪੰਜਾਬੀ ਆਪਣੇ ਵਿਰਸੇ ਉਤੇ ਮਾਣ ਕਰਦੇ ਹਨ ਪਰ ਚੁਪ ਹਨ, ਵਿਦੇਸ਼ਾਂ ਨੂੰ ਦੌੜ ਰਹੇ ਸੀ, ਹੁਣ ਵਾਪਸ ਆ ਰਹੇ ਹਨ। ਘਰ ਜ਼ਮੀਨਾਂ ਵਿਕ ਗਈਆਂ ਹਨ। ਨੌਜਵਾਨ ਨਾ ਘਰਦੇ ਰਹੇ ਨਾ ਘਾਟ ਦੇ। ਪੰਜਾਬ ਸਰਕਾਰ ਦੀਆਂ ਗ਼ਲਤ ਨੀਤੀਆਂ ਦਾ ਨੌਜਵਾਨ ਸ਼ਿਕਾਰ ਬਣੇ। ਇਸ ਸਮੇਂ ਪੰਜਾਬ ਨਾਇਕ ਵਿਹੂਣਾ ਹੋ ਗਿਆ ਹੈ। ਹਰ ਖੇਤਰ ਵਿੱਚ ਖਲਾਅ ਹੈ। ਲੋਕ ਕਮਲਿਆ ਵਾਂਗੂੰ ਅੱਕ ਫਲਾਈਂ ਹੱਥ ਮਾਰਦੇ ਹਨ। ਉਹ ਕਿਸੇ ਨਾਇਕ ਦੀ ਉਡੀਕ ਵਿੱਚ ਹਨ ਤੇ ਚਾਰੇ ਪਾਸੇ ਖਲਨਾਇਕਾਂ ਦੀ ਭੀੜ ਵਧਦੀ ਜਾ ਰਹੀ ਹੈ। ਉਹ ਫਿਰ ਵਿਕਣ ਲਈ ਗਾਹਕ ਉਡੀਕਦੇ ਹਨ ? ਪੰਜਾਬੀ ਕਦੋਂ ਤੇ ਕਿਵੇਂ ਜਾਗਣਗੇ ? ਪੰਜਾਬ ਦੇ ਲੋਕ ਕਦੋਂ ਛਲੇਡਾ ਤੇ ਛਲਾਵੇ ਦੀ ਸਿਆਸਤ ਸਮਝਣਗੇ?

ਬੁੱਧ ਸਿੰਘ ਨੀਲੋਂ
9464370823

ਮਿੰਨੀ ਕਹਾਣੀ/ਸ਼ਰੀਕ

" ਕਿਉਂ ਲੜੀ ਜਾਂਦੇ ਹੋ, ਹੁਣੇ ਤੋਂ ਤੁਹਾਡਾ ਇਹ ਹਾਲ ਹੈ ਵੱਡੇ ਹੋ ਕੇ ਪਤਾ ਨਹੀਂ ਕੀ ਕਰੋਗੇ। ਵਿਆਹ ਤੋਂ ਬਾਅਦ ਤਾਂ ਤੁਹਾਡੀਆਂ ਵਹੁਟੀਆਂ ਨੇ ਤੁਹਾਨੂੰ ਉਂਝ ਹੀ ਨਹੀਂ ਇਕੱਠੇ ਰਹਿਣ ਦੇਣਾ। ਵੰਡੀਆਂ ਪਵਾ ਦੇਣਗੀਆਂ। ਇੱਕ ਦੂਜੇ ਦੇ ਘਰ ਵੀ ਨਹੀਂ ਜਾਣ ਦੇਣਾ, ਸ਼ਰੀਕ ਬਣਾ ਦੇਣਗੀਆਂ ਸ਼ਰੀਕ।" ਮਾਂ ਆਪਣੇ ਦੋਵੇਂ ਪੁੱਤਰਾਂ ਨੂੰ ਜੋ ਸਾਈਕਲ ਚਲਾਉਣ ਪਿੱਛੇ ਲੜ ਰਹੇ ਸਨ, ਉਨ੍ਹਾਂ ਨੂੰ ਹਟਾਉਂਦੇ ਹੋਏ ਗੁੱਸੇ ਵਿੱਚ ਆਖ ਰਹੀ ਸੀ। "ਮੰਮੀ ਤੂੰ ਵੀ ਤਾਂ ਪਾਪਾ ਨੂੰ ਸਾਡੇ ਚਾਚੇ ਦੇ ਘਰ ਜਾਣ ਤੋਂ ਰੋਕਦੀ ਹੈ।

ਕੱਲ੍ਹ ਜਦੋਂ ਚਾਚਾ ਮੋਟਰਸਾਈਕਲ ਮੰਗ ਕੇ ਲੈ ਗਿਆ ਤਾਂ ਤੂੰ ਪਾਪਾ ਨਾਲ ਲੜ ਰਹੀ ਸੀ ਕਿ ਕਿਉਂ ਦੇ ਦਿੱਤਾ ਕੀ ਚਾਚਾ ਹੁਣ ਪਾਪੇ ਦਾ ਭਰਾ ਨਹੀਂ ਰਿਹਾ ਸ਼ਰੀਕ ਬਣ ਗਿਆ ਹੈ।" ਵੱਡੇ ਮੁੰਡੇ ਨੇ ਸੁਭਾਵਿਕ ਹੀ ਆਪਣੀ ਮਾਂ ਨੂੰ ਕਿਹਾ। ਇਹ ਸੁਣ ਮਾਂ ਚੁੱਪ ਹੋ ਕੇ ਰਹਿ ਗਈ ਤੇ ਉਸਦਾ ਸਾਰਾ ਗੁੱਸਾ ਸ਼ਰਮਿੰਦਗੀ ਵਿੱਚ ਬਦਲ ਗਿਆ।

ਗੁਰਮੀਤ ਸਿੰਘ ਸੋਹੀ
ਪਿੰਡ– ਅਲਾਲ(ਧੂਰੀ)
9217981404

ਬੱਚਿਆਂ ਵਿੱਚ ਕਿਉਂ ਵੱਧ ਰਹੀ ਹੈ ਬਦਤਮੀਜ਼ੀ

ਪੁਰਾਣੇ ਸਮੇਂ ਵਿੱਚ ਜਦੋਂ ਬੱਚੇ ਸਕੂਲ ਜਾਂਦੇ ਸਨ ਤਾਂ ਉਹ ਆਪਣੇ ਗੁਰੂਆਂ ਦੀ ਬਹੁਤ ਇੱਜ਼ਤ ਕਰਦੇ ਸਨ। ਘਰ ਵਿੱਚ ਮਾਪੇ ਅਤੇ ਸਕੂਲਾਂ ਵਿੱਚ ਗੁਰੂ ਬੱਚਿਆਂ ਨੂੰ ਵਧੀਆ ਸਿੱਖਿਆ ਦਿੰਦੇ ਸਨ। ਕਿਤਾਬੀ ਗਿਆਨ ਦੇ ਨਾਲ ਉਹਨਾਂ ਨੂੰ ਸੰਸਕਾਰ ਵੀ ਦਿੱਤੇ ਜਾਂਦੇ ਸਨ। ਓਦੋਂ ਜੇਕਰ ਕਿਸੇ ਗੱਲੋਂ ਸਕੂਲੇ ਕੁੱਟ ਪੈਣੀ ਤਾਂ ਘਰੇ ਜਾ ਕੇ ਦੱਸਦੇ ਨਹੀਂ ਸੀ ਕਿਉਂਕਿ ਪਤਾ ਹੁੰਦਾ ਸੀ ਕਿ ਦੱਸਿਆ ਤਾਂ ਘਰੋਂ ਵੀ ਕੁੱਟ ਪੈਣੀ ਹੈ। ਭਾਵ ਬੱਚੇ ਨੂੰ ਚੰਗੀ ਤਰ੍ਹਾਂ ਪਤਾ ਹੁੰਦਾ ਸੀ ਕਿ ਗੁਰੂ ਨੇ ਕੁੱਟਿਆ ਹੈ ਤਾਂ ਕੋਈ ਕਸੂਰ ਸੀ। ਬੱਚੇ ਗੁਰੂਆਂ ਤੇ ਮਾਪਿਆਂ ਤੋਂ ਡਰਦੇ ਸਨ। ਸਮਾਜ ਵਿੱਚ ਵੀ ਉਹਨਾਂ ਨੂੰ ਹਰ ਕਿਸੇ ਦਾ ਸਤਿਕਾਰ ਕਰਨਾ ਸਿਖਾਇਆ ਜਾਂਦਾ ਸੀ। ਉਦੋਂ ਪਰਿਵਾਰ ਵੱਡੇ ਹੁੰਦੇ ਸਨ।ਘਰ ਵਿੱਚ ਜੇਕਰ ਵੱਡਿਆਂ ਦੀ ਕੋਈ ਤੂੰ-ਤੂੰ, ਮੈਂ-ਮੈਂ ਹੁੰਦੀ ਤਾਂ ਉਸ ਵਿੱਚ ਬੱਚਿਆਂ ਦਾ ਬੋਲਣਾ ਵਰਜਿਤ ਹੁੰਦਾ ਸੀ। ਉਹ ਆਪਣੀ ਖੇਡ ਵਿੱਚ ਮਸਤ ਰਹਿੰਦੇ ਸਨ। ਘਰ ਦੇ ਵੱਡੇ ਲੜ ਕੇ ਮੁੜ 'ਕੱਠੇ ਹੋ ਜਾਂਦੇ ਸਨ। ਪਰ ਇੱਕ ਗੱਲ ਜ਼ਰੂਰ ਸੀ ਕਿ ਕੋਈ ਵੀ ਬੱਚਿਆਂ ਨਾਲ਼ ਫ਼ਰਕ ਨਹੀਂ ਕਰਦਾ ਸੀ ਅਖੇ ਮੇਰੇ ਜੇਠ ਜਾਂ ਦਿਓਰ ਦਾ ਬੱਚਾ, ਮੈਂ ਕਿਉਂ ਰੋਟੀ ਦੇਵਾਂ? ਕਹਿਣ ਦਾ ਭਾਵ ਬੱਚੇ ਸਭ ਦੇ ਲਈ ਇੱਕੋ ਜਿਹੇ ਹੁੰਦੇ ਸਨ। ਇਹਨਾਂ ਗੱਲਾਂ ਦਾ ਅਸਰ ਲੈਕੇ ਬੱਚੇ ਵੀ ਸਭ ਦੀ ਇੱਜ਼ਤ ਕਰਨਾ ਸਿੱਖ ਜਾਂਦੇ ਸਨ। ਰਾਤਾਂ ਨੂੰ ਦਾਦੀਆਂ-ਨਾਨੀਆਂ ਇਹੋ ਜਿਹੀਆਂ ਕਹਾਣੀਆਂ ਸੁਣਾਉਂਦੀਆਂ ਸਨ ਜਿਸ ਨਾਲ਼ ਬੱਚਿਆਂ ਵਿੱਚ ਨੈਤਿਕਤਾ ਦਾ ਵਾਧਾ ਹੁੰਦਾ ਸੀ, ਉਹਨਾਂ ਨੂੰ ਰੱਬ ਦਾ ਡਰ ਹੁੰਦਾ ਸੀ ਤੇ ਬੁਰੇ ਕੰਮ ਕਰਨ ਦੀ ਸਜ਼ਾ ਦਾ ਭੈਅ ਹੁੰਦਾ ਸੀ।

ਹੁਣ ਗੱਲ ਕਰੀਏ ਅੱਜ ਦੇ ਸਮੇਂ ਦੀ। ਬੇਸ਼ਕ ਅਸੀਂ ਪਹਿਲਾਂ ਦੇ ਸਮੇਂ ਤੋਂ ਬਹੁਤ ਆਧੁਨਿਕ ਹੋ ਗਏ ਹਾਂ। ਬਹੁਤ ਤਰੱਕੀ ਕੀਤੀ ਹੈ ਮਨੁੱਖ ਨੇ ਪਰ ਕਿਤੇ ਨਾ ਕਿਤੇ ਅਸੀਂ ਹਾਰੇ ਵੀ ਹਾਂ। ਇਹ ਹਾਰ ਸਾਨੂੰ ਕਿਤੋਂ ਬਾਹਰੋਂ ਨਹੀਂ ਮਿਲੀ। ਇਹ ਹਾਰ ਸਾਨੂੰ ਸਾਡੇ ਬੱਚਿਆਂ ਨੇ ਦਿੱਤੀ ਹੈ। ਤੁਸੀਂ ਹੁਣ ਆਪੇ ਸੋਚੋ ਕਿ ਬੱਚਿਆਂ ਦੀ ਸਿੱਖਿਆ ਦੇ ਢੰਗ- ਤਰੀਕੇ ਵਧੀਆ ਤੇ ਮਹਿੰਗੇ ਹੋਏ ਹਨ ਪਰ ਉਹਨਾਂ ਦਾ ਵਿਵਹਾਰ ਕਿੰਨਾ ਘਟੀਆ ਹੋ ਗਿਆ ਹੈ। ਅੱਜ ਹਰ ਕੋਈ ਆਪਣੇ ਬੱਚੇ ਨੂੰ ਮਹਿੰਗੇ ਤੋਂ ਮਹਿੰਗੇ ਤੇ ਵਧੀਆ ਤੋਂ ਵਧੀਆ ਸਕੂਲ ਵਿੱਚ ਭੇਜਣਾ ਚਾਹੁੰਦਾ ਹੈ ਪਰ ਫ਼ਿਰ ਵੀ ਬੱਚਿਆਂ ਵਿੱਚ ਸੰਸਕਾਰਾਂ ਦੀ ਕਮੀ ਹੀ ਆਉਂਦੀ ਜਾ ਰਹੀ ਹੈ। ਬੱਚੇ ਬਦਤਮੀਜ਼ ਹੋ ਰਹੇ ਹਨ।

ਉਹ ਗਰਮਾਂ ਦੇ ਨਾਲ਼-ਨਾਲ਼ ਮਾਪਿਆਂ ਦੀ ਇੱਜ਼ਤ ਕਰਨਾ ਵੀ ਭੁੱਲ ਰਹੇ ਹਨ। ਭਲਾ ਕੀ ਕਾਰਨ ਹੋ ਸਕਦੇ ਹਨ। ਆਓ ਜ਼ਰਾ ਖੰਘਾਲੀਏ:

ਸਭ ਤੋਂ ਵੱਡਾ ਕਾਰਨ ਤਾਂ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸ਼ੋਸ਼ਲ ਮੀਡੀਆ ਨੇ ਬੱਚਿਆਂ ਨੂੰ ਵਿਗਾੜਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ।ਮੋਬਾਈਲ ਫ਼ੋਨ ਨੇ ਉਹਨਾਂ ਨੂੰ ਮਤਲਬੀ, ਲਾਪਰਵਾਹ, ਬੇਸ਼ਰਮ, ਆਲਸੀ ਨਿੰਕਮੇ ਤੇ ਚਿੜਚਿੜੇ ਬਣਾ ਦਿੱਤਾ ਹੈ।ਉਹਨਾਂ ਨੂੰ ਫ਼ੋਨ ਦੇ ਦਿਓ ਤੇ ਫ਼ੇਰ ਉਹਨਾਂ ਨੂੰ ਹੋਰ ਕਿਸੇ ਦੀ ਜ਼ਰੂਰਤ ਨਹੀਂ।

ਦੂਜਾ ਕਾਰਨ ਮਾਪੇ ਆਪ ਵੀ ਹਨ। ਮਾਵਾਂ ਨਿੱਕੇ-ਨਿੱਕੇ ਬੱਚਿਆਂ ਨੂੰ ਫ਼ੋਨ ਫੜਾ ਕੇ ਆਪ ਵਿਹਲੀਆਂ ਹੋ ਜਾਂਦੀਆਂ ਹਨ ਜਾਂ ਆਪਣੇ ਫ਼ੋਨ 'ਚ ਮਸਤ ਹੋ ਜਾਂਦੀਆਂ ਹਨ। ਘਰ ਛੋਟੇ ਤੇ ਇਕ-ਹਿਰੇ ਹੋਣ ਕਰਕੇ ਕੋਈ ਰੋਕ- ਟੋਕ ਨਹੀਂ ਰਹੀ। ਸਭ ਦੀ ਆਪਣੀ ਨਿੱਜੀ ਜ਼ਿੰਦਗੀ ਹੈ, ਇਹ ਗੱਲ ਹੀ ਬੱਚੇ ਵੀ ਸਿੱਖ ਜਾਂਦੇ ਹਨ ਤੇ ਉਹ ਵੀ ਚਾਹੁੰਦੇ ਹਨ ਕਿ ਸਾਡੀ ਨਿੱਜੀ ਜ਼ਿੰਦਗੀ ਵਿੱਚ ਕੋਈ ਦਖ਼ਲ ਨਾ ਦੇਵੇ। ਇਸ ਕਰਕੇ ਉਹ ਮਾਪਿਆਂ ਤੇ ਅਧਿਆਪਕਾਂ ਦੀ ਬਹੁਤੀ ਇੱਜ਼ਤ ਨਹੀਂ ਕਰਦੇ।

ਇੱਕ ਕਾਰਨ ਇਹ ਵੀ ਹੈ ਕਿ ਅਬਾਦੀ ਦੇ ਵਾਧੇ ਕਰਕੇ ਹੁਣ ਸਮਝਦਾਰ ਮਾਪੇ ਇੱਕ ਜਾਂ ਦੋ ਬੱਚੇ ਹੀ ਪੈਦਾ ਕਰਦੇ ਹਨ। ਫ਼ਿਰ ਉਹ ਇਹਨਾਂ ਲਈ ਬਹੁਤ ਭਾਵੁਕ ਰਹਿੰਦੇ ਹਨ। ਜਦੋਂ ਸਕੂਲ ਵਿੱਚ ਆਧਿਆਪਕ ਕੁਝ ਕਹਿ ਦੇਵੇ ਤਾਂ ਉਹ ਲੜਨ ਪਹੁੰਚ ਜਾਂਦੇ ਹਨ ਤੇ ਬੱਚਿਆਂ ਦੇ ਸਾਹਮਣੇ ਹੀ ਆਧਿਆਪਕ ਦੀ ਲਾਹ-ਪਾਹ ਕਰ ਦਿੰਦੇ ਹਨ। ਇਸ ਨਾਲ਼ ਬੱਚੇ ਚਾਪਰ ਜਾਂਦੇ ਹਨ। ਉਹ ਉਸ ਆਧਿਆਪਕ ਵੱਲ ਜੇਤੂ ਅੰਦਾਜ਼ ਵਿੱਚ ਵੇਖ ਕੇ ਵਿਅੰਗਮਈ ਹਾਸਾ ਹੱਸਦੇ ਹਨ। ਫ਼ਿਰ ਉਹ ਜਾਣਬੁੱਝ ਕੇ ਵੀ ਬਦਤਮੀਜ਼ੀ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਹੁਣ ਆਧਿਆਪਕ ਉਹਨਾਂ ਨੂੰ ਕੁਝ ਨਹੀਂ ਕਹੇਗਾ ਜਾਂ ਕਹੇਗੀ।

ਇਸਦੇ ਨਾਲ਼ ਹੀ ਅੱਜਕਲ ਦੇ ਵਪਾਰਕ ਜ਼ਮਾਨੇ ਵਿੱਚ ਸਕੂਲਾਂ ਦੀ ਗਿਣਤੀ ਬੇਤਹਾਸ਼ਾ ਵਧੀ ਹੈ।ਲੋਕਾਂ ਨੂੰ ਸ਼ਾਇਦ ਇਹ ਸਭ ਤੋਂ ਵਧੀਆ ਬਿਜ਼ਨਸ ਲੱਗਦਾ ਹੈ। ਗਲ਼ੀ - ਗਲ਼ੀ ਵਿੱਚ ਸਕੂਲ ਖੁੱਲ੍ਹੇ ਹੋਏ ਹਨ। ਇਹਨਾਂ ਵਿੱਚੋਂ ਬਹੁਤੇ ਸਕੂਲਾਂ ਕੋਲ਼ ਕਿਸੇ ਬੋਰਡ ਦੀ ਕੋਈ ਮਾਨਤਾ ਨਹੀਂ ਹੁੰਦੀ ਜਾਂ ਇਹ ਗ਼ਲਤ ਤੇ ਝੂਠੇ ਤਰੀਕਿਆਂ ਨਾਲ ਮਾਨਤਾ ਹਾਸਲ ਕਰ ਲੈਂਦੇ ਹਨ। ਹੁਣ ਜਦੋਂ ਇਹ ਸਕੂਲ ਸਿਰਫ਼ ਤੇ ਸਿਰਫ਼ ਪੈਸਾ ਕਮਾਉਣ ਦੇ ਮਕਸਦ ਨਾਲ ਬਣਾਏ ਤੇ ਚਲਾਏ ਜਾਂਦੇ ਹਨ ਤਾਂ ਜ਼ਾਹਰ ਜਿਹੀ ਗੱਲ ਹੈ ਕਿ ਬੱਚਿਆਂ ਦੇ ਵਿਕਾਸ ਤੇ ਸਹੀ ਸਿੱਖਿਆ ਵੱਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਜਾਂਦਾ। ਇੱਥੇ ਦੱਸਵੀਂ ਤੇ ਬਾਰ੍ਹਵੀਂ ਵਾਲੀਆਂ ਕੁੜੀਆਂ ਨੂੰ ਪੜ੍ਹਾਉਣ ਵਾਸਤੇ ਰੱਖਿਆ ਜਾਂਦਾ ਹੈ ਜਿਹੜੀਆਂ ਗ਼ਰੀਬ ਪਰਿਵਾਰਾਂ ਵਿੱਚੋਂ ਅਸਾਨੀ ਨਾਲ ਮਿਲ਼ ਜਾਂਦੀਆਂ ਹਨ ਤੇ ਨਿਗੁਣੀ ਜਿਹੀ ਤਨਖ਼ਾਹ ਤੇ ਕੰਮ ਕਰਨ ਲਈ ਮੰਨ ਜਾਂਦੀਆਂ ਹਨ। ਹੁਣ ਇਹ ਭਲਾ ਜੋ ਆਪ ਨਿਆਣੀਆਂ ਹੁੰਦੀਆਂ ਹਨ ਬੱਚਿਆਂ ਨੂੰ ਕੀ ਸਿੱਖਿਆ ਤੇ ਕੀ ਸੰਸਕਾਰ ਸਿਖਾਉਂਣਗੀਆਂ? ਇੱਥੇ ਮੈਂ ਕਿਸੇ ਸਕੂਲ ਦਾ ਜ਼ਿਕਰ ਤਾਂ ਨਹੀਂ ਕਰਾਂਗੀ ਪਰ ਇਹ ਵਪਾਰਕ ਸਕੂਲ ਬੱਚਿਆਂ ਦਾ ਦਿਮਾਗ ਖ਼ਰਾਬ ਕਰਨ ਵਿੱਚ ਬਹੁਤ ਯੋਗਦਾਨ ਪਾਉਂਦੇ ਹਨ। ਇੱਥੇ ਆਪਣੇ ਫ਼ਾਇਦੇ ਲਈ ਕੁੜੀਆਂ-ਮੁੰਡਿਆਂ ਨੂੰ ਪਿਆਰ ਦੇ ਚੱਕਰਾਂ (ਆਕਰਸ਼ਣ) ਵਿੱਚ ਵੀ ਫਸਾਇਆ ਜਾਂਦਾ ਹੈ। ਇਸ ਤੋਂ ਵੱਧ ਕੇ ਉਹਨਾਂ ਨੂੰ ਖੁੱਲ੍ਹੇਆਮ ਇਸ ਚੀਜ਼ ਦੀ ਇਜਾਜ਼ਤ ਮਿਲ਼ ਜਾਂਦੀ ਹੈ।ਹੋਰ ਤਾਂ ਹੋਰ ਕਈ ਆਧਿਆਪਕ/ਅਧਿਆਪਕਾਵਾਂ ਵੀ ਵਿਦਿਆਰਥੀਆਂ ਨਾਲ਼ ਪ੍ਰੇਮ ਦੀਆਂ ਪੀਘਾਂ ਝੂਟਦੇ ਹਨ। ਜੇਕਰ ਮਾਪੇ ਬੱਚਿਆਂ ਦੇ ਸਕੂਲ ਤੋਂ ਨਾਖ਼ੁਸ਼ ਹੁੰਦੇ ਹਨ ਤੇ ਸਕੂਲ ਬਦਲਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹਨਾਂ ਨੂੰ ਟੀ.ਸੀ. ਨਹੀਂ ਦਿੱਤਾ ਜਾਂਦਾ ਤੇ ਬੱਚਿਆਂ ਨੂੰ ਵੀ ਮਜ਼ਬੂਰ ਕੀਤਾ ਜਾਂਦਾ ਹੈ ਕਿ ਉਹ ਸਕੂਲ ਨਾ ਛੱਡਣ।ਉਹਨਾਂ ਨੂੰ ਉਹਨਾਂ ਦੇ ਪ੍ਰੇਮੀਆਂ ਦੁਆਰਾ ਖਿੱਚ ਪਵਾਈ ਜਾਂਦੀ ਹੈ।ਇਹਨਾਂ ਸਕੂਲਾਂ ਦਾ ਮਕਸਦ ਤਾਂ ਸਿਰਫ਼ ਨੋਟ 'ਕੱਠੇ ਕਰਨੇ ਹਨ। ਇਹਨਾਂ ਨੂੰ ਬੱਚਿਆਂ ਦੇ ਕੁਝ ਬਣਨ ਜਾਂ ਵਿਗੜਨ ਨਾਲ਼ ਕੋਈ ਮਤਲਬ ਨਹੀਂ ਹੈ। ਕਈ ਵਾਰੀ ਤਾਂ ਇਹਨਾਂ ਸਕੂਲਾਂ ਦੇ ਮਾਲਕ ਆਪ ਹੀ ਚਰਿੱਤਰ-ਵਿਹੂਣੇ ਹੁੰਦੇ ਹਨ ਉਹ ਵਿਦਿਆਰਥੀਆਂ ਦਾ ਚਰਿਤਰ-ਨਿਰਮਾਣ ਕਿਵੇਂ ਕਰਨਗੇ। ਉਹ ਤਾਂ ਜੇਕਰ ਭੁੱਲ- ਭੁਲੇਖੇ ਕੋਈ ਵਧੀਆ ਆਧਿਆਪਕ ਰੱਖ ਵੀ ਲੈਣ ਤਾਂ ਉਹਨੂੰ ਛੇਤੀ ਹੀ ਟਾਟਾ,ਬਾਏ - ਬਾਏ ਕਹਿ ਦਿੰਦੇ ਹਨ। ਮਤੇ ਇਹਨਾਂ ਦੇ ਕਾਲੇ ਕਾਰਨਾਮਿਆਂ ਦਾ ਪਰਦਾ-ਫਾਸ਼ ਹੀ ਨਾ ਹੋ ਜਾਵੇ। ਅਖ਼ੀਰ ਵਿੱਚ ਇੱਕ ਬੇਨਤੀ ਮਾਪਿਆਂ ਨੂੰ ਕਰਨਾ ਚਾਹਾਂਗੀ ਕਿ ਬੱਚੇ ਤੁਹਾਡੇ ਹਨ। ਜਦੋਂ ਗੱਲ ਉਹਨਾਂ ਨੂੰ ਸਕੂਲ ਪੜ੍ਹਾਉਣ ਦੀ ਆਉਂਦੀ ਹੈ ਤਾਂ ਕਿਸੇ ਦੇ ਵੀ ਮਗਰ ਨਾ ਲੱਗੋ। ਆਪਣਾ ਦਿਮਾਗ਼ ਵਰਤ ਕੇ ਸਕੂਲਾਂ ਦਾ ਸਰਵੇ ਕਰੋ। ਪੜ੍ਹਾਈ ਦੇ ਨਾਲ਼ ਜ਼ਰੂਰੀ ਸਹੂਲਤਾਂ ਦਾ ਜ਼ਾਇਜਾ ਲਓ, ਆਧਿਆਪਕਾਂ ਨੂੰ ਮਿਲ਼ ਕੇ ਅੰਦਾਜ਼ਾ ਲਗਾਓ ਕਿ ਕੀ ਉਹ ਤੁਹਾਡੇ ਬੱਚਿਆਂ ਨੂੰ ਸਹੀ ਸਿੱਖਿਆ ਤੇ ਚੰਗੇ ਸੰਸਕਾਰ ਦੇਣ ਦੇ ਕਾਬਿਲ ਹੈ ਵੀ ਕਿ ਨਹੀਂ। ਸਮੇਂ - ਸਮੇਂ ਤੇ ਹੁੰਦੀ ਆਧਿਆਪਕ - ਮਾਪੇ ਮਿਲਣੀ ਵਿੱਚ ਜ਼ਰੂਰ ਸ਼ਾਮਲ ਹੋਵੋ ਤੇ ਇਹਨਾਂ ਸਾਰੀਆਂ ਗੱਲਾਂ ਦਾ ਹਰ ਵਾਰ ਜਾਇਜ਼ਾ ਲਓ। ਜਾਗਣ ਦਾ ਵੇਲਾ ਹੈ।ਜਾਗੋ ਅਤੇ ਸਹੀ ਤੇ ਮੋਹਰ ਲਗਾਓ।

ਸਰਕਾਰਾਂ ਨੂੰ ਵੀ ਇੱਕ ਬੇਨਤੀ ਹੈ ਕਿ ਇਹੋ ਜਿਹੇ ਸਕੂਲ ਜਿਹੜੇ ਬੋਰਡ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਜਾਂ ਬੱਚਿਆਂ ਨੂੰ ਦਿਮਾਗੀ ਤੌਰ ਤੇ ਬੀਮਾਰ ਬਣਾ ਕੇ ਸਮਾਜ ਦਾ ਨੁਕ-ਸਾਨ ਕਰਦੇ ਹਨ ਉਹਨਾਂ ਨੂੰ ਬੰਦ ਕੀਤਾ ਜਾਵੇ। ਸਕੂਲੀ ਸਿੱਖਿਆ ਨੂੰ ਵਧੀਆ ਤੇ ਗੁਣੀ ਬਣਾਇਆ ਜਾਵੇ ਜਿਸ ਨਾਲ਼ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਨਿੱਜੀ ਸਕੂਲਾਂ ਜਾਂ ਮੁਨਾਫ਼ੇ ਲਈ ਖੁੱਲ੍ਹੀਆਂ ਦੁਕਾਨਾਂ ਨੂੰ ਵੀ ਇੱਕ ਬੇਨਤੀ ਹੈ ਕਿ ਮੁਨਾਫ਼ੇ ਦੇ ਨਾਲ਼ ਇਹ ਵੀ ਸੋਚਣਾ ਜ਼ਰੂਰੀ ਹੈ ਕਿ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਦਾ ਸ਼ੋਸ਼ਣ ਨਾ ਕੀਤਾ ਜਾਵੇ।ਆਪਣੇ ਕੰਮ ਨੂੰ ਜੇਕਰ ਇਮਾਨਦਾਰੀ ਤੇ ਲਗਨ ਨਾਲ ਕੀਤਾ ਜਾਵੇ ਤਾਂ ਮੁਨਾਫ਼ਾ ਆਪਣੇ-ਆਪ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ।

ਆਓ ਸਾਰੇ ਰਲ ਮਿਲ ਕੇ ਬੱਚਿਆਂ ਦੇ ਸਰੀਰਕ, ਸਮਾਜਿਕ, ਬੌਧਿਕ, ਮਾਨਸਿਕ ਤੇ ਨੈਤਿਕ ਵਿਕਾਸ ਨੂੰ ਯਕੀਨੀ ਬਣਾਈਏ। ਇਸ ਦੇ ਨਾਲ਼ ਉਹਨਾਂ ਨੂੰ ਖੇਡਾਂ ਤੇ ਹੋਰ ਕਿਰਿਆਵਾਂ ਆਦਿ ਦੇ ਜ਼ਰੀਏ ਵਿਸ਼ੇਸ਼ ਗੁਣਾਂ ਦੇ ਧਾਰਨੀ ਬਣਾਈਏ। ਇਸ ਨਾਲ਼ ਸਾਡੇ ਸਮਾਜ ਤੇ ਦੇਸ਼ ਦਾ ਭਵਿੱਖ ਬਿਹਤਰ ਬਣੇਗਾ।

ਮਨਜੀਤ ਕੌਰ ਧੀਮਾਨ,
ਸ਼ੇਰਪੁਰ, ਲੁਧਿਆਣਾ।
ਸੰ:9464633059

for more news visit:
www.samajweekly.com

ਨਵੀਂ ਉਮੀਦ.....

ਪੱਕੀ ਕਣਕ ਨੂੰ ਵੇਖ ਕੇ ਗੁਰਤੇਜ ਸਿੰਘ ਬੜਾ ਖੁਸ਼ ਹੋ ਰਿਹਾ ਸੀ। ਉਹ ਸੋਚ ਰਿਹਾ ਸੀ ਇਸ ਵਾਰ ਆੜਤੀਏ ਦੇ ਰਹਿੰਦੇ ਵਿਆਜ ਨੂੰ ਉਤਾਰ ਕੇ ਉਹ ਥੋੜਾ ਸੁਰਖਰੂ ਹੋ ਜਾਵੇਗਾ ਕਿਉਂਕਿ ਇਸ ਵਾਰ ਕਣਕ ਦਾ ਝਾੜ ਵੱਧ ਨਿਕਲਣ ਦੀ ਆਸ ਸੀ। ਤਿੰਨ ਕੁ ਕਿੱਲੇ ਆਪਣੇ ਸਨ ਅਤੇ ਬਾਕੀ ਪੰਜ ਕਿਲੇ ਉਸਨੇ ਠੇਕੇ 'ਤੇ ਲਏ ਸਨ। ਬੱਚਿਆਂ ਦੀ ਪੜ੍ਹਾਈ ਲਿਖਾਈ ਦੇ ਖਰਚੇ ਹੀ ਇੰਨੇ ਸਨ ਕਿ ਮਸਾਂ ਹੀ ਝੱਟ ਟੱਪਦਾ ਸੀ। ਖੇਤੀਬਾੜੀ ਦੇ ਨਾਲ-ਨਾਲ ਉਹ ਸਹਾਇਕ ਧੰਦੇ ਵਜੋਂ ਦੁੱਧ ਵੀ ਵੇਚਦਾ ਸੀ.. ਤਾਂ ਕਿ ਗੁਜ਼ਾਰਾ ਕੁਝ ਸੁਖਾਲਾ ਹੋ ਜਾਵੇ। ਗੁਰਤੇਜ ਅਤੇ ਉਸ ਦੀ ਪਤਨੀ ਪਤਾ ਨਹੀਂ ਆਪਣੀਆਂ ਕਿੰਨੀਆਂ ਕੁ ਸੱਧਰਾਂ ਨੂੰ ਮਾਰ ਕੇ ਬੱਚਿਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵਿੱਚ ਦਿਨ-ਰਾਤ ਲੱਗੇ ਹੋਏ ਸਨ। ਉਸ ਦੀ ਵੱਡੀ ਧੀ ਸੀਰਤ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ ਅਤੇ ਹੁਣ ਚੰਡੀਗੜ੍ਹ ਵਿੱਚ ਇੰਜੀਨੀਅਰ ਕਾਲਜ ਵਿੱਚ ਪੜ੍ਹਾਈ ਕਰ ਰਹੀ ਸੀ। ਗੁਰਤੇਜ ਸਿੰਘ ਸੋਚਦਾ ਕਿ ਚਲੋ ਵੱਡੀ ਧੀ ਜੇਕਰ ਕਿਤੇ ਵਧੀਆ ਸੈਟ ਹੋ ਜਾਵੇਗੀ ਤਾਂ ਉਸ ਦੀ ਗ਼ਰੀਬੀ ਨਿਕਲ ਜਾਵੇਗੀ। ਛੋਟੀ ਧੀ ਨੂੰ ਵੀ ਹੋਰ ਵਧੀਆ ਪੜ੍ਹਾਈ ਕਰਨ ਵਿੱਚ ਮਦਦ ਮਿਲ ਜਾਵੇਗੀ। ਸਾਰਾ ਕੁਝ ਸਹੀ ਚੱਲ ਰਿਹਾ ਸੀ.. ਆਪਣੀ ਲਹਿ ਲਹਿਰਾਉਂਦੀ ਫ਼ਸਲ ਵੇਖ ਕੇ ਉਹ ਖੁਸ਼ ਸੀ। ਕੋਲ ਹੀ ਦੋ-ਤਿੰਨ ਕੰਬਾਈਨਾਂ ਚੱਲ ਰਹੀਆਂ ਸਨ , ਉਸ ਨੇ ਇੱਕ ਵਾਕਿਫ਼ ਕੰਬਾਈਨ ਵਾਲੇ ਨਾਲ਼ ਗੱਲ ਕੀਤੀ ਅਤੇ ਉਸ ਕੋਲੋਂ ਸ਼ਾਮ ਨੂੰ ਕਣਕ ਵਢਾਉਣ ਦਾ ਟਾਈਮ ਲਿਆ। ਦੋਵੇਂ ਜੀਅ ਬੜੇ ਖੁਸ਼ ਸਨ ਕਿ ਅਚਾਨਕ ਰੌਲੇ ਦੀ ਆਵਾਜ਼ ਆਈ। ਉਹਨਾਂ ਦਾ ਘਰ ਖੇਤਾਂ ਦੇ ਵਿੱਚ ਹੀ ਸੀ। ਜਿਉਂ ਹੀ ਗੁਰਤੇਜ ਸਿੰਘ ਨੇ ਬਾਹਰ ਨਿਕਲ ਕੇ ਦੇਖਿਆ ਤਾਂ ਦੂਰੋਂ ਅੱਗ ਦੀਆਂ ਲਪਟਾਂ ਉੱਚੀਆਂ ਹੁੰਦੀਆਂ ਦਿਖਾਈ ਦੇ ਰਹੀਆਂ ਸਨ। ਉਸ ਦਾ ਤਾਂ ਜਿਵੇਂ ਦਿਲ ਹੀ ਦਹਿਲ ਗਿਆ। ਸਾਰੇ ਲੋਕ ਅਤੇ ਲਾਗੇ ਦੇ ਪਿੰਡਾਂ ਵਾਲੇ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ। ਅੱਗ ਸੀ ਕਿ ਕਾਬੂ ਵਿਚ ਹੀ ਨਹੀਂ ਸੀ ਆ ਰਹੀ। ਦੇਖਦਿਆਂ ਹੀ ਦੇਖਦਿਆਂ ਗੁਰਤੇਜ ਦੀ ਫ਼ਸਲ ਵੀ ਸੜ ਕੇ ਸੁਆਹ ਹੋ ਚੁੱਕੀ ਸੀ। ਉਸ ਫ਼ਸਲ ਦੇ ਨਾਲ-ਨਾਲ ਉਸ ਦੇ ਚਾਅ.. ਉਸ ਦੀਆਂ ਖੁਸ਼ੀਆਂ.. ਉਸ ਦੇ ਬੱਚਿਆਂ ਦੀ ਪੜ੍ਹਾਈ ਅਤੇ ਉਨਾਂ ਦੇ ਸੁਨਹਿਰੀ ਭਵਿੱਖ ਦੀਆਂ ਆਸਾਂ ਅਤੇ ਉਮੀਦਾਂ... ਸਭ ਸੜ ਕੇ ਸਵਾਹ ਹੋ ਗਈਆਂ ਸਨ। ਰੋ-ਰੋ ਕੇ ਸਾਰਿਆਂ ਦਾ ਬੁਰਾ ਹਾਲ ਸੀ। ਕੋਲ ਛੋਟੀ ਕੁੜੀ ਰਮਨ ਨੇ ਹੌਂਸਲਾ ਦਿੱਤਾ ਕਿ ਪਾਪਾ ਜੀ ਕੋਈ ਗੱਲ ਨਹੀਂ.. ਜੋ ਹੋਣਾ ਸੀ ਉਹ ਤਾਂ ਹੋ ਗਿਆ। ਅਸੀਂ ਕਰ ਲਵਾਂਗੇ ਗੁਜ਼ਾਰਾ ਜਿਵੇਂ ਕਿਵੇਂ ਹੋਵੇਗਾ। ਹੁਣ ਇਸ ਤਰ੍ਹਾਂ ਝੂਰਨ ਨਾਲ ਕੁਝ ਫ਼ਾਇਦਾ ਨਹੀਂ ਹੋਣਾ। ਦੁੱਖ ਤਾਂ ਸਾਰਿਆਂ ਨੂੰ ਬਹੁਤ ਸੀ, ਕਿਉਂਕਿ ਕਈਆਂ ਦਾ ਇੱਕ ਕਿੱਲਾ ਜਾਂ ਦੋ ਕਿੱਲੇ ਸਾੜੇ ਸਨ, ਪਰ ਗੁਰਤੇਜ ਦੇ ਪੂਰੇ ਅੱਠ ਕਿੱਲੇ ਕਣਕ ਸੜ ਕੇ ਸੁਆਹ ਹੋ ਚੁੱਕੀ ਸੀ ਅਤੇ ਅੱਧਾ ਠੇਕਾ ਵੀ ਦੇਣ ਵਾਲਾ ਸਿਰ ਉੱਪਰ ਸੀ...! ਘਰ ਵਿੱਚ ਮਾਤਮ ਵਰਗਾ ਮਾਹੌਲ ਛਾਇਆ ਹੋਇਆ ਸੀ। ਸਾਰਾ ਟੱਬਰ ਚੁੱਪ ਚਾਪ ਬੈਠਾ ਸੀ। ਭਵਿੱਖ ਦੀਆਂ ਚਿੰਤਾਵਾਂ ਅਤੇ ਖ਼ਰਚੇ ਉਹਨਾਂ ਵੱਢ-ਵੱਢ ਖਾ ਰਹੇ ਸਨ। ਛੇ ਮਹੀਨਿਆਂ ਦੀ ਕੀਤੀ ਮਿਹਨਤ ਉੱਪਰ ਕੁਝ ਪਲਾਂ ਵਿੱਚ ਪਾਣੀ ਫਿਰ ਚੁੱਕਾ ਸੀ। ਇਸ ਵਕਤ ਪਰਿਵਾਰ ਨੂੰ ਕੁਝ ਵੀ ਸੁੱਝ ਔੜ ਨਹੀਂ ਰਿਹਾ ਸੀ।

ਉਸ ਪਿੰਡ ਦਾ ਸਰਪੰਚ ਬਹੁਤ ਚੰਗਾ, ਪੜ੍ਹਿਆ ਲਿਖਿਆ ਅਤੇ ਸੁਲਝਿਆ ਹੋਇਆ ਬੰਦਾ ਸੀ। ਉਸ ਨੇ ਆਪਣੇ ਮੈਂਬਰਾਂ ਨਾਲ਼ ਸਲਾਹ ਕੀਤੀ ਕਿ ਜਿਨਾਂ ਦੀ ਕਣਕ ਦਾ ਨੁਕਸਾਨ ਹੋਇਆ ਹੈ ਸਾਨੂੰ ਰਲ ਮਿਲ ਕੇ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ। ਉਸ ਨੇ ਕਿਹਾ ਕਿ ਚੰਗੀ ਸੋਚ ਨਾਲ ਹੀ ਅਸੀਂ ਅੱਗੇ ਵੱਧ ਸਕਦੇ ਹਾਂ। ਸਾਰਿਆਂ ਨੇ ਹਾਂ ਵਿੱਚ ਹਾਂ ਮਿਲਾਈ ਅਤੇ ਜਿਨਾਂ ਦੀ ਵੀ ਕਣਕ ਸੜੀ ਸੀ ਉਹਨਾਂ ਦੀ ਮਦਦ ਕਰਨ ਦਾ ਵਾਅਦਾ ਕੀਤਾ। ਕਈਆਂ ਦੇ ਬੱਚੇ ਬਾਹਰ ਵਧੀਆ ਕਮਾਈ ਕਰ ਰਹੇ ਸਨ। ਸਰਪੰਚ ਦੀ ਛੋਟੀ ਜਿਹੀ ਕੋਸ਼ਿਸ਼ ਨਾਲ ਸਾਰੇ ਇੱਕ ਦੂਜੇ ਦੀ ਮਦਦ ਕਰਨ ਲਈ ਨਾਲ ਖੜੇ ਹੋ ਗਏ। ਸਾਰਿਆਂ ਨੇ ਥੋੜਾ-ਥੋੜਾ ਕਰਕੇ.. ਜਿਨਾਂ ਦੀ ਕਣਕ ਸੜੀ ਸੀ ਕੁਝ ਹੀ ਦਿਨਾਂ ਵਿੱਚ ਉਹਨਾਂ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕੀਤੀ। ਏਨੇ ਨੂੰ ਪਿੰਡ ਦਾ ਲੰਬੜਦਾਰ ਵੀ ਆ ਕੇ ਖਲੋ ਗਿਆ। ਉਸ ਨੇ ਕਿਹਾ ਕਿ ਮੇਰਾ ਵੱਡਾ ਪੁੱਤਰ ਵਿਦੇਸ਼ ਵਿੱਚ ਚੰਗੀ ਕਮਾਈ ਕਰਦਾ ਹੈ। ਮੈਂ ਉਸਨੂੰ ਸਾਰੀ ਗੱਲ ਦੱਸੀ ਸੀ, ਉਸ ਨੇ ਕਿਹਾ ਕਿ ਗੁਰਤੇਜ ਸਿੰਘ ਦੀਆਂ ਧੀਆਂ ਦੀ ਪੜ੍ਹਾਈ ਦਾ ਖ਼ਰਚਾ ਇਸ ਸਾਲ ਉਹ ਆਪ ਦੇਵੇਗਾ। ਪਿੰਡ ਦੀਆਂ ਧੀਆਂ- ਭੈਣਾਂ ਸਾਰਿਆਂ ਦੀਆਂ ਸਾਂਝੀਆਂ ਹੁੰਦੀਆਂ ਹਨ। ਇਹ ਸੁਣ ਕੇ ਸਾਰਿਆਂ ਨੂੰ ਬੜਾ ਵਧੀਆ ਲੱਗਾ। ਗੁਰਤੇਜ ਨੂੰ ਤਾਂ ਜਿਵੇਂ ਰੱਬ ਆਪ ਆ ਕੇ ਬਹੁੜਿਆ ਸੀ। ਉਸ ਨੇ ਲੰਬੜਦਾਰ ਦੇ ਪੈਰਾਂ ਨੂੰ ਹੱਥ ਲਾਇਆ ਤਾਂ ਲੰਬੜਦਾਰ ਨੇ ਉਸਨੂੰ ਪਿਆਰ ਨਾਲ ਗਲਵੱਕੜੀ ਪਾ ਲਈ ਅਤੇ ਕਿਹਾ.. ਕਿ ਭਰਾ ਪੈਰਾਂ ਨੂੰ ਹੱਥ ਨਹੀਂ ਲਾਉਂਦੇ.. ਗਲਵੱਕੜੀ ਪਾਉਂਦੇ ਹਨ ਅਤੇ ਮੁਸੀਬਤ ਵੇਲੇ ਇੱਕ ਦੂਜੇ ਦੀਆਂ ਬਾਹਾਂ ਬਣਦੇ ਹਨ। ਇਸ ਕਰਕੇ ਤੇਰੀ ਥਾਂ ਪੈਰਾਂ ਵਿੱਚ ਨਹੀਂ ਬਾਹਾਂ ਦੀ ਗਲਵੱਕੜੀ ਵਿੱਚ ਹੈ। ਕੋਲ ਖੜੇ ਸਾਰੇ ਲੋਕਾਂ ਨੇ ਤਾੜੀਆਂ ਮਾਰੀਆਂ ਅਤੇ ਸਾਰਿਆਂ ਦੇ ਚਿਹਰੇ ਉੱਤੇ ਨਵੀਂ ਉਮੀਦ ਦੀ ਖੁਸ਼ੀ ਸੀ ਅਤੇ ਅੱਖਾਂ ਦੇ ਉਦਾਸ ਹੰਝੂਆਂ ਵਿੱਚ ਆਸ ਦਾ ਪਾਣੀ ਚਮਕ ਰਿਹਾ ਸੀ।

ਪਰਵੀਨ ਕੌਰ ਸਿੱਧੂ

ਭਮੱਕੜਾਂ ਦੀ ਕੁੱਤੇ ਝਾਕ !

ਸਿਆਣਿਆਂ ਦੀਆਂ ਆਖੀਆਂ ਗੱਲਾਂ ਸੱਚ ਹੁੰਦੀਆਂ ਹਨ। ਦੇਰ ਸਵੇਰ ਉਨ੍ਹਾਂ ਦਾ ਨਤੀਜਾ ਸਾਹਮਣੇ ਆ ਜਾਂਦਾ ਹੈ। ਕੁੱਤੇ ਦੀ ਪੂਛ ਕਦੇ ਸਿੱਧੀ ਨਹੀਂ ਹੁੰਦੀ, ਭਾਵੇਂ ਦਿੱਲੀ ਵਾਲਿਆਂ ਨੇ ਇਸ ਕਹਾਵਤ ਨੂੰ ਉਲਟਾ ਕਰ ਦਿੱਤਾ ਸੀ। ਉਹਨਾਂ ਨੂੰ ਪਤਾ ਲੱਗ ਗਿਆ ਸੀ, ਉਹਨਾਂ ਨੇ ਜਲੇਬੀਆਂ ਦੀ ਰਾਖ਼ੀ ਕੁੱਤਾ ਬਹਾ ਲਿਆ ਹੈ। ਇਸੇ ਕਰਕੇ ਉਹਨਾਂ ਨੇ ਨਾਮਧਾਰੀਆਂ ਦੇ ਡੋਲ ਵਾਂਗ ਸਭ ਤੋਂ ਇਮਾਨਦਾਰ ਮਨੁੱਖ ਨੂੰ ਦੁੱਧ ਵਿਚੋਂ ਮੱਖੀ ਵਾਂਗ ਬਾਹਰ ਮਾਰਿਆ ਸੀ। ਪੰਜਾਬ ਦੇ ਲੋਕਾਂ ਨੂੰ ਇਹ ਸਮਝ ਨਹੀਂ ਲੱਗੀ ਕਿ ਹਾਥੀ ਦੇ ਦੰਦ ਖਾਣ ਵਾਲੇ ਹੋਰ ਤੇ ਦਿਖਾਉਣ ਵਾਲੇ ਹੋਰ ਹਨ। ਉਹਨਾਂ ਨੇ ਅੱਡੀਆਂ ਚੁੱਕ ਕੇ ਆਪਣੇ ਗਲ਼ ਫਾਹਾ ਪਾ ਲਿਆ ਹੈ। ਜਿਵੇਂ ਹਾੜ੍ਹੀ ਤੇ ਸਾਉਣੀ ਦੀ ਫ਼ਸਲ ਵੇਲੇ ਯੂਪੀ ਤੇ ਬਿਹਾਰ ਦੇ ਮਜ਼ਦੂਰ ਆਉਂਦੇ ਸਨ, ਹੁਣ ਸਿਆਸੀ ਆਗੂ ਆਉਣ ਲੱਗੇ ਹਨ। ਪੰਜਾਬ ਦੇ ਭਮੱਕੜਾਂ ਨੂੰ ਨਜ਼ਰਅੰਦਾਜ਼ ਕਰਕੇ ਦਿੱਲੀ ਤੇ ਯੂਪੀ ਵਾਲਿਆਂ ਨੂੰ ਵੱਡੇ ਵੱਡੇ ਅਹੁਦੇ ਬਖਸ਼ੇ ਜਾ ਰਹੇ ਹਨ। ਸਤੌਜ ਵਾਲੇ ਮਹਿੰਦਰ ਸਿੰਘ ਮਾਸਟਰ ਦਾ ਫਰਜ਼ੰਦ ਜਿਹੜਾ ਕਹਿੰਦਾ ਸੀ ਮੈਨੂੰ ਸਭ ਕੁੱਝ ਪਤਾ ਹੈ। ਉਸਨੂੰ ਇਹ ਪਤਾ ਨਹੀਂ ਲੱਗਦਾ ਕਿ ਉਸਦੇ ਨੱਕ ਥੱਲੇ ਕੀ ਹੋ ਰਿਹਾ ਹੈ ? ਉਹ ਆਪਣੇ ਵਰਕਰਾਂ ਨੂੰ ਕਹਿੰਦਾ ਹੈ ਕਿ ਤੁਹਾਨੂੰ ਨੌਕਰੀਆਂ ਤੇ ਅਹੁਦੇ ਮਿਲਣਗੇ। ਪਰ ਸਕੱਤਰੇਤ ਵਿੱਚ ਸਾਰੇ ਬਾਹਰਲੇ ਚਿੱਟੇ ਹਾਥੀ ਬਹਾਏ ਹੋਏ ਹਨ। ਦਿੱਲੀ ਦਾ ਬੇੜਾ ਗ਼ਰਕ ਕਰਕੇ ਸਾਰੇ ਦਾਗ਼ੀ ਤੇ ਜਮਾਨਤੀ ਏ ਪੰਜਾਬ ਆ ਗਏ ਹਨ। ਭਗਵੰਤ ਮਾਨ ਤੇ ਉਸਦੇ ਸਾਥੀ ਕਠਪੁਤਲੀਆਂ ਵਾਂਗ ਨਾਚ ਕਰਦੇ ਹਨ। ਰੰਗਲੇ ਪੰਜਾਬ ਦਾ ਭਮੂਕਾ ਦੂਜੇ ਤੀਜੇ ਹਫਤੇ ਨਿਕਲ਼ ਜਾਂਦਾ ਹੈ। ਇਹਨਾਂ ਦੀਆਂ ਕ੍ਰਾਂਤੀਆਂ ਚਿੱਟੀਆਂ ਚੁੰਨੀਆਂ ਵਿੱਚ ਬਦਲ ਰਹੀਆਂ ਹਨ। ਭਮੱਕੜ ਤੇ ਦਰੀਆਂ ਵਿਛਾਉਣ ਵਾਲੇ ਨਾਅਰੇ ਮਾਰਨ ਜੋਗੇ ਰਹਿ ਗਏ ਹਨ। ਇਹ ਤਾਂ ਕਿਹਾ ਨਹੀਂ ਜਾ ਸਕਦਾ ਕਿ ਕੁੱਤਾ ਕੁੱਤੇ ਦਾ ਵੈਰੀ ਹੈ। ਭਗਵੰਤ ਮਾਨ ਤੇ ਉਸਦੇ ਸਾਥੀਆਂ ਨੇ ਮੂੰਹ ਉੱਤੇ ਮਿੱਟੀ ਮਲ਼ ਲਈ ਹੈ। ਉਹ ਕਦੇ ਕਦੇ ਗੋਂਗਲੂਆਂ ਤੋਂ ਮਿੱਟੀ ਝਾੜਨ ਲੱਗ ਜਾਂਦੇ ਹਨ। ਸਿਹਤ, ਸਿਖਿਆ ਤੇ ਯੁੱਧ ਨਸ਼ਿਆਂ ਵਿਰੁੱਧ ਦਾ ਧੂੰਆਂ

ਨਿਕਲ ਗਿਆ ਹੈ। ਹੁਣ ਲੋਕਾਂ ਵਿੱਚ ਜਾਣ ਲਈ ਨਸ਼ਿਆਂ ਵਿਰੁੱਧ ਯਾਤਰਾ ਸ਼ੁਰੂ ਕਰ ਦਿੱਤੀ ਹੈ। ਹਰ ਖੇਤਰ ਵਿੱਚ ਫੇਲ੍ਹ ਹੋਣ ਕਰਕੇ ਪੰਜਾਬ ਸਰਕਾਰ ਨੇ ਸੱਤ ਕੁ ਦਰਜਨਾਂ ਯੂਟਰਨ ਲਿਆ ਹੈ। ਥੁੱਕ ਕੇ ਚੱਟਣ ਦਾ ਰਿਕਾਰਡ ਟੁੱਟ ਗਿਆ ਹੈ। ਹੁਣ ਇਹ ਕਦੇ ਨਹੀਂ ਸੁਣਿਆ, ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਆ, ਪਰ ਦੱਬਦਾ ਕਿਥੇ ਆ। ਭਗਵੰਤ ਮਾਨ ਤਾਂ ਆਪਣੇ ਹੰਕਾਰ ਨਾਲ਼ ਹੀ ਡਿੱਗ ਪਿਆ ਹੈ। ਸਵਾ ਤਿੰਨ ਸਾਲ ਲੋਕਾਂ ਨੂੰ ਭਰਮਾਉਣ ਲਈ ਚੁਟਕਲੇ ਸੁਣਾਉਣ ਵਾਲੇ ਭਗਵੰਤ ਮਾਨ ਨੇ ਆਪਣੇ ਆਪ ਨੂੰ ਦਿੱਲੀ ਵਾਲਿਆਂ ਦਾ ਗੁਲਾਮ ਬਣਾ ਲਿਆ ਹੈ। ਲੋਕ ਆਪਣੇ ਹੱਥਾਂ ਉੱਤੇ ਦੰਦੀਆਂ ਵੱਢ ਦੇ ਹਨ। ਦਿੱਲੀ ਵਾਲੇ ਲੁੱਟ ਰਹੇ ਹਨ, ਪੰਜਾਬ ਨੂੰ ਪੁਲਿਸ ਸਟੇਟ ਬਣਾਇਆ ਜਾ ਰਿਹਾ ਹੈ। ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨੌਜਵਾਨਾਂ ਨੂੰ ਮੁਕਾਇਆ ਜਾ ਰਿਹਾ ਹੈ। ਹਰ ਤਰ੍ਹਾਂ ਦਾ ਨਸ਼ਾ ਵਿਕ ਰਿਹਾ ਹੈ। ਮਜੀਠਾ, ਦਿੜ੍ਹਬਾ ਅਤੇ ਸੰਗਰੂਰ ਵਿੱਚ ਜ਼ਹਿਰੀਲੀ ਸ਼ਰਾਬ ਦਾ ਕਾਰੋਬਾਰ ਚੱਲ ਰਿਹਾ ਹੈ। ਰੇਤ, ਬੱਜਰੀ, ਭੂ ਮਾਫੀਆ, ਚਿੱਟੇ ਤੇ ਸ਼ਰਾਬ ਦਾ ਕਾਰੋਬਾਰ ਚਲਾਇਆ ਜਾ ਰਿਹਾ ਹੈ। ਲੋਕ ਮਰ ਰਹੇ ਹਨ, ਸਰਕਾਰ ਸੁੱਤੀ ਪਈ ਹੈ। ਦਿੱਲੀ ਦੇ ਧਾੜਵੀਆਂ ਵਲੋਂ ਕਰਜ਼ਾ ਚੁੱਕ ਚੁੱਕ ਕੇ ਪੰਜਾਬ ਨੂੰ ਉਜਾੜਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਭਮੱਕੜ ਤੇ ਦਰੀਆਂ ਵਿਛਾਉਣ ਵਾਲੇ ਬਨੇਰੇ ਉਤੇ ਬੈਠੇ ਕਾਂ ਵਾਂਗੂੰ ਝਾਕਦੇ ਹਨ। ਉਹਨਾਂ ਨੂੰ ਵੀ ਸਮਝ ਨਹੀਂ ਆਉਂਦੀ ਕਿ ਉਹ ਕੀ ਕਰਨ। ਕੁੱਤਾ ਰਾਜ ਬਹਾਲੀਐ ਫਿਰਿ ਚੱਕੀ ਚੱਟੇ। ਕੁੱਤਿਆਂ ਦੀ ਐਨੀ ਕੁੱਤੇ ਖਾਣੀ ਹੋ ਰਹੀ ਹੈ ਪਰ ਉਹਨਾਂ ਦੀ ਕੁੱਤੇ ਝਾਕ ਨਹੀਂ ਹਟੀ। ਉਹ ਊਠ ਦੇ ਬੁੱਲ੍ਹ ਵੱਲ਼ ਝਾਕਦੇ ਤੁਰੇ ਫਿਰਦੇ ਹਨ ਕਿ ਕਦੇ ਤਾਂ ਬੁੱਲ ਡਿੱਗੇਗਾ। ਨਾ ਨੌ ਮਣ ਸੋਨਾ ਹੋਏ ਤੇ ਨਾ ਰਾਧਾ ਨੱਚੇ। ਹੁਣ ਕੌਣ ਸਾਹਿਬ ਨੂੰ ਆਖੇ ਕਿ ਇੰਝ ਨਹੀਂ ਇੰਝ ਕਰ ਲੈ। ਮਾੜੀ ਹੋਈ ਪੰਜਾਬੀਆਂ ਦੇ ਨਾਲ, ਬਦਲਾਅ ਲਿਆਉਣ ਦੇ ਚੱਕਰ ਨੇ ਚੱਕਰਵਿਊ ਵਿੱਚ ਫਸਾ ਦਿੱਤਾ ਹੈ। ਕੀ ਬਣੂ ਦੁਨੀਆਂ ਦਾ ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ।

ਬੁੱਧ ਸਿੰਘ ਨੀਲੋਂ
9464370823

ਹਰਭਜਨ ਮਾਨ ਦੇ ਸਹੁਰੇ ਦਾ ਦਿਹਾਂਤ 23 ਮਈ ਨੂੰ ਹੋਵੇਗਾ ਅੰਤਿਮ ਸਸਕਾਰ

ਵੈਨਕੂਵਰ, ਮਈ (ਮਲਕੀਤ ਸਿੰਘ)- ਉੱਘੇ ਪੰਜਾਬੀ ਗਾਇਕ ਅਤੇ ਅਦਾਕਾਰ ਹਰਭਜਨ ਮਾਨ ਦੇ ਸਹੁਰੇ ਹਰਚਰਨ ਸਿੰਘ ਗਿੱਲ (ਰਾਮੂਵਾਲੀਆ) ਦਾ ਕੈਨੇਡਾ ਦੇ ਮਹਾਂਨਗਰ ਟੋਰਾਂਟੋ ਚ ਦਿਹਾਂਤ ਹੋ ਗਿਆ ਹੈ। ਹਰਭਜਨ ਮਾਨ ਵੱਲੋਂ ਸੋਸ਼ਲ ਮੀਡੀਆ ਰਾਹੀਂ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ ਹੈ। ਪ੍ਰਾਪਤ ਵੇਰਵਿਆ ਮੁਤਾਬਕ ਸਵ ਗਿੱਲ ਪਿਛਲੇ 53 ਸਾਲਾਂ ਤੋਂ ਕੈਨੇਡਾ ਚ ਰਹਿ ਰਹੇ ਸਨ ਅਤੇ ਉਹ ਮੋਗਾ ਜਿਲੇ ਨਾਲ ਸੰਬੰਧਿਤ ਸਨ। ਉਹਨਾਂ ਦਾ ਅੰਤਿਮ ਸਸਕਾਰ 23 ਮਈ ਨੂੰ ਕੀਤਾ ਜਾਵੇਗਾ। ਕੈਨੇਡਾ ਦੀਆਂ ਵੱਖ-ਵੱਖ ਸੱਭਿਆਚਾਰਕ,ਸਮਾਜਿਕ ਸੰਸਥਾਵਾਂ ਅਤੇ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ ਵੱਲੋਂ ਸਵ ਗਿੱਲ ਦੇ ਦਿਹਾਂਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਾਨ ਅਤੇ ਰਾਮੂਵਾਲੀਆ ਪਰਿਵਾਰ ਨਾਲ ਹਮਦਰਦੀ ਜਾਹਿਰ ਕੀਤੀ ਜਾ ਰਹੀ ਹੈ।

ਐਫਸਫੋਰਡ ਚ 24 ਮਈ ਨੂੰ ਕਰਵਾਇਆ ਜਾਵੇਗਾ "ਵਿਰਸੇ ਦੇ ਸੌਕੀਨ" ਪੰਜਾਬੀ ਮੇਲਾ

ਵੈਨਕੂਵਰ (ਮਲਕੀਤ ਸਿੰਘ)-ਡਾਇਮੰਡ ਸੱਭਿਆਚਾਰਕ ਕਲੱਬ ਵੱਲੋਂ ਸਥਾਨਕ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 24 ਮਈ ਦਿਨ ਸ਼ਨੀਵਾਰ ਨੂੰ ਐਫਸਫੋਰਡ ਸਥਿਤ ਰੋਟਰੀ ਸਟੇਡੀਅਮ ਚ "ਵਿਰਸੇ ਦੇ ਸੌਕੀਨ" ਪੰਜਾਬੀ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅਵਤਾਰ ਸਿੰਘ ਗਿੱਲ ਨੇ ਦੱਸਿਆ ਕਿ ਇਸ ਮੇਲੇ ਸਬੰਧੀ ਪੰਜਾਬੀ ਭਾਈਚਾਰੇ ਚ ਭਾਰੀ ਉਤਸ਼ਾਹ ਵੇਖਿਆ ਜਾ ਰਿਹਾ ਹੈ। ਅਤੇ ਇਸ ਮੇਲੇ ਚ ਪ੍ਰਸਿੱਧ ਪੰਜਾਬੀ ਗਾਇਕ ਗਿੱਲ ਹਰਦੀਪ ,ਅੰਗਰੇਜ਼ ਅਲੀ, ਜੱਸੀ ਕੌਰ, ਅਮ੍ਰਿਤਾ ਵਿਰਕ ,ਜੋਹਨ ਬੇਦੀ ,ਸਾਹਿਬ ਸਿੱਧੂ ,ਉਦੇ ਸ਼ੇਰਗਿੱਲ ,ਗੁਰਤੇਜ, ਗੁਰਪਾਲ ਮੁਟਿਆਰ ਅਤੇ ਸੋਨੀ ਧੁੱਗਾ ਆਪਣੇ ਸੰਗੀਤਕ ਫਨ ਦਾ ਮੁਜਾਹਰਾ ਕਰਕੇ ਹਾਜ਼ਰ ਸਰੋਤਿਆਂ ਦਾ ਮਨੋਰੰਜਨ ਕਰਨਗੇ। ਇਸ ਮੇਲੇ ਦੀ ਕੋਈ ਵੀ ਐਂਟਰੀ ਫੀਸ ਨਹੀਂ ਹੋਵੇਗੀ।

ਮੇਲੇ ਦਾ ਇੱਕ ਪੋਸਟਰ

ਵਿਨੀਪੈਗ ਚ 8ਵਾਂ ਫੋਕਰੂਟਸ ਸੱਭਿਆਚਾਰਕ ਮੇਲਾ 28 ਜੂਨ ਨੂੰ - ਤਿਆਰੀਆਂ ਮੁਕੰਮਲ

ਵੈਨਕੂਵਰ (ਮਲਕੀਤ ਸਿੰਘ)-ਵਿਨੀਪੈਗ ਦੇ ਫੋਕਰੂਟਸ ਭੰਗੜਾ ਅਕੈਡਮੀ ਵੱਲੋਂ ਸਥਾਨਕ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 8ਵਾਂ ਸਲਾਨਾ ਸੱਭਿਆਚਾਰਕ ਮੇਲਾ 28 ਜੂਨ ਨੂੰ ਕਰਵਾਏ ਜਾਣ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾ ਦਿੱਤੀਆਂ ਜਾ ਰਹੀਆਂ ਹਨ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਭੰਗੜਾ ਕੋਚ ਅਤੇ ਗਾਇਕ ਹਰਸਿਮਰਨ (ਰਿੱਕੀ) ਨੇ ਦੱਸਿਆ ਕਿ ਵਿਦੇਸ਼ਾਂ ਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਰੱਖਣ ਦੇ ਮੰਤਵ ਵਜੋਂ ਹਰੇਕ ਸਾਲ ਆਯੋਜਿਤ ਕਰਵਾਏ ਜਾਂਦੇ ਇਸ ਮੇਲੇ ਚ ਸ਼ਾਮਿਲ ਹੋਣ ਲਈ ਲੋਕਾਂ ਚ ਭਾਰੀ ਉਤਸ਼ਾਹ ਵੇਖਿਆ ਜਾ ਰਿਹਾ ਹੈ। ਉਹਨਾਂ ਇਹ ਵੀ ਦੱਸਿਆ ਕਿ ਵਿਨੀਪੈਗ ਸਥਿਤ ਸੈਨੀਟੇਨੀਅਲ ਕਨਸਰਟ ਹਾਲ ਚ ਕਰਵਾਏ ਜਾਣ ਵਾਲੇ ਇਸ ਮੇਲੇ ਚ ਭੰਗੜਾ,ਗਿੱਧਾ ,ਲੁੱਡੀ, ਝੂਮਰ ,ਜਿੰਦੂਆ , ਸੰਮੀ ਤੇ ਲੋਕ ਸਾਜਾਂ ਸਮੇਤ ਹੋਰ ਲੋਕ ਨਾਚਾਂ ਦਾ ਬੜੇ ਹੀ ਦਿਲਕਸ਼ ਢੰਗ ਨਾਲ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਦੌਰਾਨ ਪੰਜਾਬੀ ਗਾਇਕ ਹਰਸਿਮਰਨ (ਰਿੱਕੀ) ਵੱਲੋਂ ਆਪਣੇ ਚੋਣਵੇਂ ਗੀਤਾਂ ਦੀ ਪੇਸਕਾਰੀ ਕੀਤੀ ਜਾਵੇਗੀ ਅਤੇ ਲੋਕ ਸਾਜਾ ਦੀ ਸੰਗੀਤਕ ਵੰਨਗੀ ਵੀ ਸੁਣਨ ਨੂੰ ਮਿਲੇਗੀ।

ਮੇਲੇ ਦਾ ਇੱਕ ਪੋਸਟਰ

ਛੋਟਾ ਘੱਲੂਘਾਰਾ

ਅਫਗਾਨੀ ਬੋਲੀ 'ਚ,ਘੱਲੂਘਾਰਾ ਦਾ, ਅਰਥ ਹੁੰਦਾ ਹੈ, ਸਭ ਕੁਝ ਬਰਬਾਦ। ਕਤਲੇਆਮ ਹੋਣਾ, ਸਰਬਨਾਸ਼ ਜਾਂ ਹੋਣਾ ਨਸਲਘਾਤ।17 ਮਈ 1746 ਈਸਵੀ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਕਾਹਨੂੰਵਾਨ ਦੇ ਛੰਭ ਵਿੱਚ ਹੋਇਆ ਛੋਟਾ ਘੱਲੂਘਾਰਾ। ਸਿੱਖਾਂ ਅਤੇ ਮੁਗਲਾਂ ਦਰਮਿਆਨ ਵਾਪਰਿਆ ਖੂਨੀ ਦੁਖਾਂਤ। ਸਿੱਖ ਦਾ ਸੁਭਾਅ, ਹੁੰਦਾ ਜ਼ੁਲਮ ਵਿਰੁੱਧ, ਲੜਨ ਦਾ, ਸਿਰਜਦਾ ਬਿਰਤਾਂਤ।ਕਿਸੇ ਕਿਸਮ ਦੀ, ਗੁਲਾਮੀ ਨ੍ਹੀਂ ਸਹਿੰਦਾ, ਨਾ ਕਰੇ ਈਨ ਸਵੀਕਾਰ।ਪੰਜ ਫਰਵਰੀ1762 ਨੂੰ ਘੱਲੂਕਾਰਾ ਹੋਇਆ ਮੁਗਲਾਂ ਤੇ ਸਿੰਘਾਂ ਵਿਚਕਾਰ। ਉਸ ਵੱਡੇ ਘੱਲੂਘਾਰੇ ਵਿੱਚ ਹੋਇਆ ਸੀ ਵੱਡਾ ਕਤਲੇਆਮ। ਮਲੇਰਕੋਟਲੇ ਦੇ ਨੇੜੇ, ਕੁੱਪ-ਰੋਹੀੜੇ ਦੇ ਸਥਾਨ ਤੇ, ਮਾਝਾ ਘਮਾਸਾਨ।ਗੁਰਦਾਸਪੁਰ ਤੋਂ 8 ਕਿਲੋਮੀਟਰ ਦੂਰ, ਮੁਕੇਰੀਆਂ ਤੋਂ ਸੱਜੇ ਪਾਸੇ,ਤਿਬੜ ਫੌਜੀ ਛਾਉਣੀ, ਨੇੜੇ ਪੈਂਦਾ ਛੰਭ। ਦੀਵਾਨ ਲਖਪਤ ਰਾਏ ਦੇ ਭਰਾ ਅਤੇ ਐਮਨਾਬਾਦ ਦੇ ਫੌਜਦਾਰ, ਜਸਪਤ ਰਾਏ ਦੀ, ਪਿੰਡ ਖੋਖਰਾਂ ਦੇ ਸਿੰਘਾਂ, ਨੇ ਕੀਤੀ ਝੰਡ। ਨਿਰਭੈ ਸਿੰਘ ਨੇ, ਫੁਰਤੀ ਨਾਲ, ਪੂੰਛ ਫੜ, ਹਾਥੀ ਤੇ ਚੜ੍ਹ ਕੇ, ਜਸਪਤ ਰਾਏ ਨੂੰ ਦਿੱਤਾ ਮਾਰ।

ਅਫਗਾਨ ਬੋਲੀ ਵਿੱਚ ਘੱਲੂਘਾਰਾ.....!

18ਵੀਂ ਸਦੀ ਦੇ ਅੱਧ ਵਿੱਚ ਲਖਪਤ ਰਾਏ, ਭਰਾ ਦੀ ਮੌਤ ਦਾ, ਬਦਲਾ ਲੈਣ ਦੀ, ਲਈ ਠਾਣ। ਲਾਹੌਰ ਦੇ ਯਾਹੀਆ ਖਾਨ (ਸ਼ਾਹੀ ਗਵਰਨਰ) ਤੋਂ ਵੱਡੀ ਸ਼ਾਹੀ ਫੌਜ ਦੀ ਸਾਂਭੀ ਕਮਾਨ। ਮੱਸਿਆ ਵਾਲੇ ਦਿਨ, ਲਾਹੌਰ ਵਿੱਚ, ਜਿਹੜਾ ਵੀ ਸਿੱਖ ਮਿਲਿਆ, ਉਸਨੂੰ ਦਿੱਤਾ ਮਾਰ, ਵਿੱਚ ਬਾਜ਼ਾਰ। ਨਵਾਬ ਕਪੂਰ ਸਿੰਘ ਨੂੰ, ਜਦੋਂ ਖਬਰ ਮਿਲੀ,ਬੁਲਾਏ ਸਾਰੇ ਸਿੱਖ ਜਰਨੈਲ ਸਰਦਾਰ। ਜੱਸਾ ਸਿੰਘ ਆਹਲੂਵਾਲੀਆ ਵੀ ਲੜੇ ਬਹਾਦਰੀ ਨਾਲ। ਦੀਵਾਨ ਲਖਪਤ ਰਾਏ ਵੀ ਪਹੁੰਚਿਆ ਲੱਖਾਂ ਦੀ ਫੌਜ ਨਾਲ।

ਅਫਗਾਨ ਬੋਲੀ ਵਿੱਚ ਘੱਲੂਘਾਰਾ.....!

ਸਿੱਖਾਂ ਨੂੰ ਘੇਰਾ ਪਾ ਲਿਆ, ਤਿੰਨ ਮਹੀਨੇ ਚੱਲੀ ਗੁਰੀਲਾ ਵਾਰ। ਮੁਲਤਾਨ ਦੇ ਵਜ਼ੀਰ, ਕੌੜਾ ਮੱਲ ਨੂੰ, ਰਾਸ਼ਨ ਖਤਮ ਹੋਣ ਦੀ, ਲੱਗੀ ਸਾਰ। ਹਜ਼ਾਰਾਂ ਖੱਚਰਾਂ, ਘੋੜਿਆਂ ਤੇ, ਰਾਸ਼ਨ ਲੱਦ ਕੇ ਭੇਜਿਆ, ਜੰਮੂ ਦੇ ਵਪਾਰੀ ਨੂੰ। ਉਧਰ ਸਿੰਘਾਂ ਨੂੰ ਸੁਨੇਹਾ ਦੇ ਦਿੱਤਾ, ਜਦੋਂ ਵੀ ਛੰਭ, ਕੋਲੋਂ ਲੰਘਣ, ਲੁੱਟ ਲੈਣਾ, ਸਫਾਰੀ ਨੂੰ। ਸਿੰਘਾਂ ਲੁੱਟ ਕੇ, ਸਾਰਾ ਰਾਸ਼ਨ, ਕਬਜ਼ੇ ਚ ਕਰ ਲਿਆ। ਸਿੱਖ ਇਤਿਹਾਸ ਵਿੱਚ, ਕੌੜਾ ਮਲ ਨੂੰ ਮਿੱਠਾ ਮੱਲ, ਜਾਂਦਾ ਕਿਹਾ। ਲਖਪਤ ਰਾਏ ਦਾ, ਮਾਮਾ ਅਤੇ ਪੁੱਤਰ, ਸਿੰਘਾਂ ਨੇ ਮਾਰ ਤੇ। ਗੁੱਸੇ ਵਿੱਚ ਅੰਨ੍ਹੇ, ਲਖਪਤ ਨੇ, ਦੋ ਹਜ਼ਾਰ ਸਿੰਘ, ਜੰਗਲ ਨੂੰ ਅੱਗ ਲਾ ਕੇ ਸਾੜ੍ਹ ਤੇ। ਗਿਆਰਾਂ ਹਜ਼ਾਰ ਸਿੰਘ ਤੇ ਸਿੰਘਣੀਆਂ ਨੇ ਗਹਿਗੱਚ ਲੜਾਈ ਵਿੱਚ ਸ਼ਹੀਦੀਆਂ ਪਾਈਆਂ। ਸੈਂਕੜੇ ਸਿੰਘ ਲਾਹੌਰ ਪਕੜ ਕੇ ਲੈ ਗਿਆ, ਬੇਰਹਿਮੀ ਨਾਲ ਕੀਤੇ ਕਤਲ, ਮੌਤਾਂ ਗਲ ਲਾਈਆਂ। ਕਈ ਏਕੜ ਰਕਬੇ ਵਿੱਚ, ਛੰਭ ਵਿੱਚ, ਸਿੱਖ ਹੈਰੀਟੇਜ ਕੰਪਲੈਕਸ, ਹੈ ਬਣਾਇਆ। ਵਿਲੱਖਣ ਤੇ ਸ਼ਾਨਦਾਰ ਕੌਮ ਦੇ, ਸ਼ਾਨਾਮਤੀ ਇਤਿਹਾਸ ਨੂੰ ਪਰਣਾਇਆ।

ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ।
ਫੋਨ ਨੰਬਰ :9878469639



ਮਿੰਨੀ ਕਹਾਣੀ /ਅਹਿਸਾਸ

ਪਿਛਲੇ ਮਹੀਨੇ ਅਪਣੀ ਬੇਸਮੈਂਟ ਵਿਚ ਇਕ ਪੰਜਾਬੀ ਵਿਦਿਆਰਥੀ ਨੂੰ ਮੈ ਰੱਖ ਲਿਆ। ਕੁਝ ਦਿਨਾਂ ਬਾਅਦ ਮੈਂ ਉਸ ਨੂੰ ਥੱਲੇਂ ਬੇਸਮੈਂਟ ਵਿਚ ਉਸ ਦੀ ਰਾਜੀ-ਖੁਸ਼ੀ ਤੇ ਸਭ ਕੁਝ ਠੀਕ-ਠਾਕ ਹੋਣ ਬਾਰੇ ਖ਼ਬਰ ਲੈਣ ਗਿਆ ਤਾਂ ਦਰਵਾਜਾਂ ਖੋਲ੍ਹਦੇ ਹੀ ਉਸ ਨੇ ਮੇਰੇ ਮੂੰਹ ਵੱਲ ਦੇਖਦੇ ਹੋਏ ਮੇਰੇ ਹਟਾਉਂਦੇ - ਹਟਾਉਂਦੇ ਪੈਰੀ ਹੱਥ ਲਗਾ ਦਿੱਤਾ। ਮੈਂ ਉਸ ਨੂੰ ਖੁਸ਼ ਰਹਿਣ ਅਤੇ ਲੰਮੀ ਉਮਰ ਦਾ ਅਸ਼ੀਰਵਾਦ ਤਾਂ ਦੇ ਦਿੱਤਾ। ਪਰ ਅਗਲੇ ਹੀ ਪਲ ਮਨ ਨੇ ਅਹਿਸਾਸ ਕਰਵਾ ਦਿੱਤਾ ਕਿ ਮਨ੍ਹਾਂ ਹੁਣ ਤੂੰ ਬੁੱਢਾ ਹੋ ਚੁੱਕਾ ਹੈ। ਲੋਕੀ ਤੈਨੂੰ ਦੇਖ ਕੇ ਪੈਰੀ ਹੱਥ ਲਾਂਉਣ ਲੱਗ ਪਏ ਹਨ। ਇਸੇ ਸੋਚ ਨਾਲ ਮੈਂ ਹਾਲ ਚਾਲ ਪੁੱਛ ਕੇ ਉਪਰ ਸਿੱਧਾ ਮੈਂ ਵਾਸ਼ਰੂਮ ਵਿਚ ਲੱਗੇ ਸ਼ੀਸੇ ਅੱਗੇ ਜਾ ਖੜਿਆ, ਤੇ ਚਿਹਰੇ ਤੇ ਚਿੱਟੀ ਦਾੜੀ ਨੇ ਜਿਵੇਂ ਇਹ ਪ੍ਰਮਾਣ ਦੇ ਦਿੱਤਾ ਸੀ ਮਨ੍ਹਾ ਹੁਣ ਤੂੰ ਸੱਚ ਮੁੱਚ ਹੀ ਬੱਢਾ ਹੋ ਚੁੱਕਾ ਹੈ। 'ਤੇ ਫਿਰ ਮੈਂ ਇਕ ਨਜ਼ਰ ਆਪਣੇ ਚਿਹਰੇ ਤੇ ਕੁਝ ਝੁਰੜੀਆਂ ਦੇਖ ਕੇ ਯਕੀਨ ਕਰਦੇ ਹੋਏ ਬੁਢਾਪੇ ਦਾ ਧੰਨਵਾਦ ਕੀਤਾ, ਜੋ ਪਹਿਲਾਂ ਰੌਕ ਐਂਡ ਰੋਲ ਹੁੰਦਾ ਸੀ, ਹੁਣ ਗੇਮ ਆਫ਼ ਥ੍ਰੋਨਸ, ਬਲੱਡ ਪ੍ਰੈਸ਼ਰ ਦੀਆਂ ਗੋਲੀਆਂ ਅਤੇ ਕੁਝ ਵਧੀਆ ਲੋਕ ਸੰਗੀਤ ਦੀ ਸੋਚ ਨਾਲ ਕੁੱਲ ਮਿਲਾ ਕੇ, ਮੈਨੂੰ ਇਹ ਕਹਿਣਾ ਪਵੇਗਾ ਕਿ ਵੱਡੇ ਹੋਣ ਦਾ ਅਨੁਭਵ ਮੇਰੀ ਕਿਸ਼ੋਰ ਅਵਸਥਾ ਵਿੱਚ ਕਲਪਨਾ ਨਾਲੋਂ ਕਿਤੇ ਬਿਹਤਰ ਰਿਹਾ ਹੋਵੇਗਾ। ਪਰ ਮਨ ਉਦਾਸ ਸੀ।

ਸੁਰਜੀਤ ਸਿੰਘ ਫਲੋਰਾ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com